# 3

# ਪ੍ਰਾਪਤ ਕਰਨ ਵਾਲਿਆਂ ਲਈ ਕਲੀਸੀਆ ਦੇ ਮਕਸਦਾਂ ਦੀ ਡੂੰਘੀ ਸਮਝ ਲਈ ਪੌਲੁਸ ਦੀ ਦੁਆ

## (1:15-23)

ਅਫ਼ਸੁਸ ਦੇ ਭਾਈਆਂ ਦਾ ਖ਼ਿਆਲ ਕਰਦਿਆਂ ਪੌਲੁਸ ਨੇ ਉਨ੍ਹਾਂ ਦੀ ਤਰਫ਼ੋਂ ਦੁਆਵਾਂ ਕੀਤੀਆਂ। 1:15–23 ਵਿਚ ਅਸੀਂ ਵੇਖਦੇ ਹਾਂ ਕਿ ਮਸੀਹ ਦੀ ਦੇਹ ਜਲਾਲੀ ਕਲੀਸੀਆ ਦੇ ਇਨ੍ਹਾਂ ਲੋਕਾਂ ਲਈ ਪੌਲੁਸ ਨੇ ਖ਼ੁਦਾ ਤੋਂ ਕੀ ਮੰਗਿਆ।

### ਜਾਣ ਪਛਾਣ (1:15-18)

**[15]ਇਸ ਕਾਰਣ ਮੈਂ ਵੀ ਜਾਂ ਤੁਹਾਡੀ ਨਿਹਚਾ ਨੂੰ ਜੋ ਪ੍ਰਭੂ ਯਿਸੂ ਦੇ ਉੱਤੇ ਹੈ ਅਤੇ ਉਸ ਪ੍ਰੇਮ ਨੂੰ ਜੋ ਸਭਨਾਂ ਸੰਤਾ ਦੇ ਲਈ ਹੈ ਸੁਣਿਆ। [16]ਤਾਂ ਆਪਣੀਆਂ ਪ੍ਰਾਰਥਨਾਂ ਵਿਚ ਤੁਹਾਨੂੰ ਚੇਤੇ ਕਰਦਿਆਂ ਤੁਹਾਡੇ ਲਈ ਧਨਵਾਦ ਕਰਨ ਤੋਂ ਨਹੀਂ ਹਟਦਾ। [17]ਭਈ ਸਾਡੇ ਪ੍ਰਭੂ ਯਿਸੂ ਮਸੀਹ ਦਾ ਪਰਮੇਸ਼ੁਰ ਜਿਹੜਾ ਤੇਜ ਦਾ ਪਿਤਾ ਹੈ ਆਪਣੀ ਪੂਰੀ ਪਛਾਣ ਵਿਚ ਗਿਆਨ ਅਤੇ ਪਰਕਾਸ਼ ਦਾ ਆਤਮਾ ਤੁਹਾਨੂੰ ਦਾਨ ਕਰੇ। [18]ਕਿ ਤੁਹਾਡੇ ਦਿਲ ਦੀਆਂ ਅੱਖਾਂ ਨੂੰ ਚਾਨਣ ਹੋਵੇ ਤਾਂ ਜੋ ਤੁਸੀਂ ਜਾਣ ਲਵੋ ਭਈ ਉਹ ਦੇ ਸੱਦੇ ਤੋਂ ਕੀ ਆਸ ਹੁੰਦੀ ਹੈ ਅਤੇ ਸੰਤਾਂ ਵਿਚ ਉਹ ਦੇ ਪਰਤਾਪਵਾਨ ਅਧਿਕਾਰ ਦਾ ਧਨ ਕੀ ਹੈ।**

**ਆਇਤਾਂ 15, 16. ਇਸ ਕਾਰਣ** ਜੋ *dia touto* ਦਾ ਅਨੁਵਾਦ ਹੈ ਜਿਸ ਤੋਂ ਭਾਵ ਹੈ ''ਇਸ ਕਰਕੇ ਇਸ ਹਿਸਾਬ ਨਾਲ''[1] ਅਤੇ ਇਸ ਦੀ ਵਰਤੋਂ ਜਾਂ ਤਾਂ ਹੁਣੇ ਹੁਣੇ ਜੋ ਕੁਝ ਉਸ ਨੇ ਆਇਤਾਂ 3 ਤੋਂ 14 ਵਿਚ ਕਿਹਾ ਉਹ ਉਹਦੇ ਲਈ ਜਾਂ ਸਿਰਫ਼ ਮੋਹਰ ਅਤੇ ਸਾਈ ਬਾਰੇ 13 ਅਤੇ 14 ਵਿਚਲੀ ਉਸ ਦੀ ਗੱਲ ਲਈ ਸੀ। ਦੋਹਾਂ ਗੱਲਾਂ ਵਿਚ ਪੌਲੁਸ ਜਿਸ ਨੇ ''ਨਿਹਚਾ'' ਜਿਸ ਨੂੰ ਅਫ਼ਸੀਆਂ ਨੇ ''ਸੁਣਿਆ'' ਅਤੇ ਉਨ੍ਹਾਂ ਦਾ ''ਪ੍ਰੇਮ'' ਜਿਹੜਾ ਸਾਰੇ ''ਸੰਤਾਂ ਦੇ ਲਈ'' ਸੀ, ਵਾਸਤੇ ਖ਼ੁਦਾ ਦਾ ਸ਼ੁਕਰ ਕਰ ਰਿਹਾ ਸੀ ਅਤੇ ਦੁਆ ਵਿਚ ਉਨ੍ਹਾਂ ਨੂੰ ''ਚੇਤੇ'' ਕਰ ਰਿਹਾ ਸੀ। NASB ਵਿਚ ਇਨ੍ਹਾਂ ਅਰਥਾਂ ਦਾ ਵਾਕ ਇਹ ਅਰਥ ਦੇਣ ਲਈ ਕੀਤਾ ਗਿਆ ਹੈ ਕਿ ਇਨ੍ਹਾਂ ਭਾਈਆਂ ਦਾ ਯਿਸੂ ਵਿਚ ਸ਼ਲਾਘਾਯੋਗ ਵਿਸ਼ਵਾਸ ਸੀ। ਜਿਹੜਾ ਉਨ੍ਹਾਂ ਦੇ ਵਿਸ਼ਵਾਸ ਦੀ *ਚੀਜ਼* ਸੀ। ਉਸ ਦਾਇਰੇ ਦੇ ਰੂਪ ਵਿਚ ਜਿਸ ਵਿਚ ਉਨ੍ਹਾਂ ਨੇ ਬਪਤਿਸਮਾ ਲਿਆ ਸੀ ਅਤੇ ਜਿਸ ਵਿਚ ਉਹ ਰਹਿ ਰਹੇ ਸਨ ਅਤੇ ਹਰ ਇਕ ਰੂਹਾਨੀ ਬਰਕਤ ਦਾ ਅਨੰਦ ਮਾਣ ਰਹੇ ਸਨ **ਪ੍ਰਭੂ ਯਿਸੂ** ਨੂੰ ਪਛਾਨਣ ਦਾ ਬਦਲਵਾਂ ਵਿਚਾਰ ਹੋਵੇਗਾ। ਯਿਸੂ ਨੂੰ ਇੱਥੇ ਆਪਣੇ ਵਿਸ਼ਵਾਸ ਦੀ ਚੀਜ਼ ਦੇ ਰੂਪ ਵਿਚ ਵਿਖਾਉਣ ਨੂੰ ਤਰਜੀਹ ਦਿੱਤੀ ਗਈ। ਕਿਉਂ ਜੋ ਇਸ ਦੇ ਬਾਅਦ ਪੌਲੁਸ ਨੇ **ਉਸ ਪ੍ਰੇਮ** ਦੀ ਜਿਹੜਾ ਤੁਹਾਨੂੰ **ਸਭਨਾਂ ਸੰਤਾਂ ਦੇ ਲਈ** ਹੈ, ਕਿਹਾ ਜਿਸ ਦਾ ਮਤਲਬ ਇਹ

ਕੱਢਿਆ ਜਾ ਸਕਦਾ ਹੈ ਕਿ ਸੰਤ ਉਨ੍ਹਾਂ ਦੇ ਪ੍ਰੇਮ ਦੇ ਬੱਝੇ ਸਨ।

ਅਫ਼ਸੀਆਂ ਵਿਚ ਪਾਈ ਜਾਣ ਵਾਲੀ ਯਿਸੂ ਵਿਚ **ਨਿਹਚਾ** ਜਿਸ ਨੂੰ *tēn kath humas pistin* ਦੇ ਰੂਪ ਵਿਚ ਵਿਖਾਇਆ ਗਿਆ ਹੈ ਦਾ ਮੂਲ ਅਰਥ ''ਹੇਠਾਂ ਤੁਹਾਡੀ ਨਿਹਚਾ ਨਾਲ''[2] ਪੌਲੁਸ ਉਨ੍ਹਾਂ ਦੀ ''ਰੋਜ਼ਮੱਰਾ ਦੀ ਜ਼ਿੰਦਗੀ ਲਈ ਪ੍ਰਭੂ ਵਿਚ ਰੋਜ਼ ਦੇ ਵਿਸ਼ਵਾਸ'' ਦੀ ਤਾਰੀਫ਼ ਕਰ ਰਿਹਾ ਸੀ।[3] ਇਸ ਵਿਸ਼ਵਾਸ ਨੇ ''ਪ੍ਰੇਮ ਨੂੰ ਜੋ ਸਭਨਾਂ ਸੰਤਾਂ ਦੇ ਲਈ ਹੈ'' ਵਿਖਾਇਆ ਅਤੇ ਹੋਰ ਸਭ ਮਸੀਹੀ ਲੋਕਾਂ ਨਾਲ ਅਫ਼ਸੀਆਂ ਦੀ ਏਕਤਾ ਨੂੰ ਵਿਖਾਇਆ। ਆਪਣੇ ਭਾਈਆਂ ਲਈ ਅਜਿਹਾ ਪ੍ਰੇਮ ਸ਼ਲਾਘਾਯੋਗ ਹੈ। ਕਿਉਂ ਜੋ ਯਿਸੂ ਨੇ ਇਕ ਦੂਜੇ ਲਈ ਪ੍ਰੇਮ ਨੂੰ ਖ਼ਾਸ ਦੱਸਿਆ ਜਿਸ ਨਾਲ ਦੂਜੇ ਲੋਕ ਜਾਣ ਸਕਦੇ ਸਨ ਕਿ ਉਸ ਦੇ ਚੇਲੇ ਕੌਣ ਹਨ (ਯੂਹੰਨਾ 13:34, 35)। ਇੱਥੇ ਇਕੱਠੇ ਦਿੱਤੇ ਗਏ ''ਨਿਹਚਾ'' ਅਤੇ ਪ੍ਰੇਮ ਸ਼ਬਦ 1 ਥੱਸਲੁਨੀਕੀਆਂ 1:3 ਅਤੇ 2 ਥੱਸਲੁਨੀਕੀਆਂ 1:3 ਵਿਚ ਮਿਲਦੇ ਹਨ। ਪ੍ਰਾਚੀਨ ਦਸਤਾਵੇਜ਼ਾਂ ਵਿਚ ਆਮ ਤੌਰ ਤੇ ''ਨਿਹਚਾ'' ਅਤੇ ''ਪ੍ਰੇਮ'' ਨੂੰ ''ਆਸ'' ਦੇ ਨਾਲ ਵਿਖਾਇਆ ਜਾਂਦਾ ਹੈ। 1 ਥੱਸਲੁਨੀਕੀਆਂ 1:3 ਅਤੇ ਕੁਲੁੱਸੀਆਂ 1:4, 5 ਵਿਚ ਪੌਲੁਸ ਨੇ ਇਨ੍ਹਾਂ ਸ਼ਬਦਾਂ ਦੀ ਵਰਤੋਂ ਕੀਤੀ। ਅਫ਼ਸੀਆਂ 1 ਵਿਚ ਉਸ ਨੇ ਆਇਤ 12 ਅਤੇ 18 ਵਿਚ ''ਆਸ'' ਦੀ ਗੱਲ ਕੀਤੀ ਅਤੇ ਆਇਤ 15 ਵਿਚ ''ਨਿਹਚਾ'' ਅਤੇ ''ਪ੍ਰੇਮ'' ਸ਼ਬਦ ਜੋੜ ਦਿੱਤੇ।

ਅਜਿਹੇ ਸ਼ਬਦਾਂ ਨੂੰ **ਸੁਣਿਆ** ਤਾਂ ਕੁਝ ਵਿਆਖਿਆ ਕਰਨ ਵਾਲਿਆਂ ਨੇ ਇਹ ਮੰਨ ਲਿਆ ਕਿ ਲੇਖਕ ਨੂੰ ਅਫ਼ਸੁਸ ਦੀ ਕਲੀਸੀਆ ਦੀ ਨਿੱਜੀ ਜਾਣਕਾਰੀ ਨਹੀਂ ਸੀ ਇਸ ਕਰਕੇ ਲੇਖਕ ਪੌਲੁਸ ਨਹੀਂ ਕੋਈ ਹੋਰ ਹੀ ਰਿਹਾ ਹੋਵੇਗਾ। ਪਰ ਦੋ ਤੱਥਾਂ ਤੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਪਹਿਲਾ, ਪੌਲੁਸ ਨਿੱਜੀ ਤੌਰ ਤੇ ਫ਼ਿਲੇਮੋਨ ਨੂੰ ਜਾਣਦਾ ਸੀ ਅਤੇ ਉਸ ਨੇ ਉਸ ਨੂੰ ''ਸਾਡੇ ਪਿਆਰੇ ਅਤੇ ਨਾਲ ਦੇ ਕੰਮ ਕਰਨ ਵਾਲੇ'' ਆਖਿਆ (ਫ਼ਿਲੇਮੋਨ 1)। ''ਪਿਆਦੇ ਅਤੇ ਨਾਲ ਦੇ ਕੰਮ ਕਰਨ ਵਾਲੇ'' ਉਹੀ ਸ਼ਬਦ ਹੈ ਜਿਸ ਦੀ ਵਰਤੋਂ ਪੌਲੁਸ ਨੇ ਫ਼ਿਲੇਮੋਨ ਦੀ ਪੱਤਰੀ ਦੇ ਅਖ਼ੀਰ ਵਿਚ ਮਰਕੁਸ, ਅਰਿਸਤਰਖੁਸ ਅਤੇ ਦੇਮਾਸ ਅਤੇ ਲੂਕਾ ਲਈ ਕੀਤੀ (ਆਇਤ 24)। ਅਸੀਂ ਜਾਣਦੇ ਹਾਂ ਕਿ ਇਹ ਲੋਕ ਅਸਲ ਵਿਚ ਪੌਲੁਸ ਦੇ ਨਾਲ ਕੰਮ ਕਰਦੇ ਸਨ। ਫ਼ਿਲੇਮੋਨ ਨੇ ਨਿੱਜੀ ਤੌਰ ਤੇ ਪੌਲੁਸ ਦੇ ਨਾਲ ਕੰਮ ਕੀਤਾ ਹੋਵੇਗਾ। ਦੂਜਾ ਫ਼ਿਲੇਮੋਨ ਨੂੰ ਬੇਸ਼ੱਕ ਪੌਲੁਸ ਹੀ ਵਿਸ਼ਵਾਸ ਵਿਚ ਲਿਆਇਆ ਸੀ, ਕਿਉਂਕਿ ਪੌਲੁਸ ਨੇ ਕਿਹਾ ਕਿ ਫ਼ਿਲੇਮੋਨ ਦਾ ਕਰਜ਼ਾ ਉਹ ''ਹੀ'' ਭਰ ਦਵੇਗਾ (ਆਇਤ 19)। ਇਸਦੇ ਬਾਵਜੂਦ ਪੌਲੁਸ ਨੇ ਆਖਿਆ ਕਿ ਉਸ ਨੇ ਫ਼ਿਲੇਮੋਨ ਦੇ ਪ੍ਰੇਮ ਅਤੇ ਨਿਹਚਾ ਬਾਰੇ ਸੁਣਿਆ ਸੀ (ਆਇਤ 5) । ਪੌਲੁਸ ਦੇ ਉਸ ਦੀ ਨਿਹਚਾ ਅਤੇ ਪ੍ਰੇਮ ਨੂੰ ਸੁਣਨ ਦਾ ਮਤਲਬ ਇਹ ਨਹੀਂ ਹੈ ਕਿ ਉਹ ਨਿੱਜੀ ਤੌਰ ਤੇ ਫ਼ਿਲੇਮੋਨ ਨੂੰ ਜਾਣਦਾ ਨਹੀਂ ਸੀ। ਇਸਦਾ ਮਤਲਬ ਇਹ ਹੈ ਕਿ ਪੌਲੁਸ ਨੇ ਫ਼ਿਲੇਮੋਨ ਨੂੰ ਪਿਛਲੀ ਵਾਰ ਵੇਖਣ ਦੇ ਬਾਅਦ ਤੋਂ ਉਸ ਦੇ ਵੱਧਣ ਅਤੇ ਨਿਹਚਾ ਵਿਚ ਬਣੇ ਰਹਿਣ ਵਾਲੇ ਸੁਣਿਆ ਸੀ। ਇਸ ਕਰਕੇ ਜਦ ਪੌਲੁਸ ਨੇ ਕਿਹਾ ਕਿ ਉਸ ਨੇ ਅਫ਼ਸੀਆਂ ਦੀ ਨਿਹਚਾ ਅਤੇ ਪ੍ਰੇਮ ਬਾਰੇ ਸੁਣਿਆ ਹੈ ਤਾਂ ਉਸ ਦੇ ਕਹਿਣ ਤੋਂ ਭਾਵ ਸਿਰਫ਼ ਐਨਾ ਸੀ ਕਿ ਉਸ ਨੂੰ ਮਸੀਹੀ ਜੀਵਨ ਵਿਚ ਚੱਲਣ ਵਿਚ ਉਨ੍ਹਾਂ ਦੇ ਲਗਾਤਾਰ ਵਾਧੇ ਦਾ ਧਿਆਨ ਸੀ।

ਪੌਲੁਸ ਨੇ ਆਪਣੇ ਭਾਈਆਂ ਨੂੰ ਇਹ ਵੀ ਦੱਸਿਆ ਕਿ ''ਉਹ ਉਨ੍ਹਾਂ ਵਾਸਤੇ **ਧੰਨਵਾਦ ਕਰਨ ਤੋਂ ਨਹੀਂ ਹਟਦਾ**। ਪੌਲੁਸ ਨੇ ਆਪਣੀਆਂ ਦੁਆਵਾਂ ਵਿਚ ਸ਼ਾਮਿਲ ਕਰਨ ਲਈ ਲੋਕਾਂ ਦੀ ਇਕ ਲੰਮੀ ਲਿਸਟ ਬਣਾਈ ਹੁੰਦੀ ਸੀ। ''ਧੰਨਵਾਦ ਕਰਨ'' ਯੂਨਾਨੀ ਕਿਰਿਆ ਸ਼ਬਦ *eucharisteō* ਦਾ ਅਨੁਵਾਦ ਹੈ ਜਿਸ ਦਾ ਮੂਲ ਅਰਥ ਹੈ ''ਚੰਗੀ ਕਿਰਪਾ''[4] ਪੌਲੁਸ ਆਪਣੇ ਖ਼ਤਾਂ ਦੇ ਪਾਉਣ ਵਾਲਿਆਂ ਬਾਰੇ ਜੋ ਕੁਝ ਜਾਣਦਾ ਸੀ ਉਹਦੇ ਲਈ ਲਗਾਤਾਰ ਖ਼ੁਦਾ ਦੀ ਸ਼ੁਕਰਗੁਜ਼ਾਰੀ ਕਰਦਾ ਸੀ। ਉਹ ਉਨ੍ਹਾਂ ਦੀ ਨਿਹਚਾ ਅਤੇ ਪ੍ਰੇਮ ਲਈ ਅਤੇ ਜੋ ਕੁਝ ਉਨ੍ਹਾਂ ਦੇ ਰਾਹੀਂ ਖ਼ੁਦਾ ਕਰ ਰਿਹਾ ਸੀ, ਸ਼ੁਕਰਗੁਜ਼ਾਰੀ ਕਰਦਾ ਸੀ।

**ਆਇਤਾਂ 16, 17.** ਸ਼ੁਕਰਗੁਜ਼ਾਰੀ ਕਰਨ ਦੇ ਇਲਾਵਾ ਉਸ ਨੇ ਆਖਿਆ ਕਿ ਉਹ ਅਫ਼ਸੀਆਂ ਨੂੰ ਆਪਣੀਆਂ **ਪ੍ਰਾਰਥਨਾਵਾਂ** ਵਿਚ ਯਾਦ ਕਰਦਾ ਹੈ। ''ਪ੍ਰਾਰਥਨਾਵਾਂ'' ਯੂਨਾਨੀ ਨਾਉਂ ਸ਼ਬਦ *proseuchē*

ਦਾ ਅਨੁਵਾਦ ਹੈ, ਆਮ ਤੌਰ ਤੇ ਨਵੇਂ ਨੇਮ ਵਿਚ ''ਪ੍ਰਾਰਥਨਾ'' ਲਈ ਵਰਤਿਆ ਗਿਆ ਹੈ। ਅਗਲੀ ਆਇਤ ਵਿਚ ਅਸੀਂ ਉਨ੍ਹਾਂ ਬੇਨਤੀਆਂ ਨੂੰ ਵੇਖਦੇ ਹਾਂ ਜਿਹੜੀਆਂ ਉਸ ਨੇ ਖ਼ੁਦਾ ਅੱਗੇ ਕੀਤੀਆਂ।

ਪੌਲੁਸ ਦਾ **ਸਾਡੇ ਪ੍ਰਭੂ ਯਿਸੂ ਮਸੀਹ** ਦੇ **ਪਰਮੇਸ਼ੁਰ** ਅਤੇ ''ਪਿਤਾ'' ਦਾ ਹਵਾਲਾ ਆਇਤ 3 ਦੀ ਯਾਦ ਦੁਆਉਂਦਾ ਹੈ। ਐਸ. ਡੀ. ਐਸ. ਸੈਲਮੰਡ ਨੇ ਲਿਖਿਆ ਹੈ:

> ਅਬਦੀ ਖ਼ੁਦਾਈ ਵਿਚ ਪੁੱਤਰ ਨੂੰ ਉਸਦਾ ਜੀਉਣ ਪਿਤਾ ਤੋਂ ਜਿਹੜਾ ਖ਼ੁਦਾਈ ਦਾ ਚਸ਼ਮਾ ਹੈ ਮਿਲਿਆ ਹੈ। ਅਤੇ ਉਸ ਅਰਥ ਵਿਚ ਜਿਸ ਵਿਚ *ਪੁੱਤਰ* ਪਿਤਾ ਦੇ ਅਧੀਨ ਹੁੰਦਾ ਹੈ, ਜਦਕਿ ਉਸ ਵਿਚ ਉਹੀ ਖ਼ੁਦਾਈ ਮੌਜੂਦ ਹੈ, ਅਧੀਨ ਹੈ। ਛੁਟਕਾਰੇ ਦੀ ਸਾਡੇ ਪ੍ਰਭੂ ਦੀ ਸੇਵਕਾਈ ਵਿਚ ਭਾਵੇਂ ਅਨਾਦੀ ਪਿਤਾ ਦਾ ਪੁੱਤਰ, ਖ਼ੁਦਾ ਦਾ ਮਸੀਹ ਹੈ, ਪਰ ਉਸ ਨੂੰ *ਭੇਜ ਕੇ* [ਗਲਾਤੀਆਂ 4:4], ਉਸ ਨੂੰ *ਉੱਚਿਆਂ ਕਰਕੇ* [ਫ਼ਿਲਿੱਪੀਆਂ 2:9], ਉਸ ਤੋਂ ਰਾਜ ਨੂੰ ਵਾਪਸ *ਲੈ ਕੇ* [1 ਕੁਰਿੰਥੀਆਂ 15:24]। ਖ਼ੁਦਾ ਉਸ ਵਿਚ ਪਰਗਟ ਹੋ ਰਿਹਾ ਹੈ। ਉਸ ਦੇ ਮਿਸ਼ਨ, ਚਿੰਤਨ, ਉਸ ਦੇ ਅਧਿਕਾਰਿਕ ਕੰਮ ਅਤੇ ਸਬੰਧਾਂ ਦੇ ਸਬੰਧ ਵਿਚ, *ਆਪਣੇ* ਖ਼ੁਦਾ ਦੇ ਰੂਪ ਵਿਚ ਉਸ ਕੋਲ ਖ਼ੁਦਾ ਹੈ, ਜਿਸ ਦਾ ਹੁਕਮ ਉਸ ਨੇ ਲਿਆ ਹੈ ਅਤੇ ਜਿਸ ਦੀ ਛੁਡਾਉਣ ਦੀ ਮੰਸ਼ਾ ਨੂੰ ਉਸ ਨੇ ਪੂਰਾ ਕਰਨਾ ਹੈ।[5]

**ਤੇਜ ਦਾ ਪਿਤਾ** ਤੇਜ ਜਾਂ ਜਲਾਲ ਦੇ ਸਰੋਤ ਦੇ ਰੂਪ ਵਿਚ ਖ਼ੁਦਾ ਦੀ ਜਾਂ ਖ਼ੁਦਾ ਦੀ ਜਿਹੜਾ ਤੇਜ ਦਿੰਦਾ ਹੈ ਦੇ ਲਈ ਹੋ ਸਕਦਾ ਹੈ। ਇਨ੍ਹਾਂ ਸ਼ਬਦਾਂ ਦਾ ਅਰਥ ''ਪਿਤਾ ਜਿਸ ਦਾ ਜਲਾਲ ਹੈ'' ਦੇ ਰੂਪ ਵਿਚ ਵੇਖਣਾ ਬੇਹਤਰ ਹੋ ਸਕਦਾ ਹੈ। ਕੈਨਥ ਐਸ. ਵੁਏਸਟ ਦੇ ਅਨੁਸਾਰ ''ਤੇਜ'' ਤੋਂ ਪਹਿਲਾਂ ਨਿਸ਼ਚਤ ਉਪਪਦ ''the glory'' ਦਾ ਮਤਲਬ ''ਤੇਜ'' ''ਇਸ ਅਰਥ ਵਿਚ ਹੈ ਕਿ ਉਹ ਤੇਜ ਦਾ ਪਿਤਾ ਹੈ ਜਿਸ ਦਾ ਤੇਜ ਹੈ।''[6] ਐਂਡ੍ਰਿਊ ਟੀ. ਲਿੰਕਨ ਨੇ ਧਿਆਨ ਦੁਆਇਆ ਹੈ ਕਿ ''ਤੇਜ'' ਵਿਚ ''ਖ਼ੁਦਾਈ ਮੌਜੂਦਗੀ ਅਤੇ ਸ਼ਕਤੀ ਦੀ ਸ਼ਾਨ''[7] ਹੈ ਅਤੇ ਕਿਹਾ ਕਿ ਪੌਲੁਸ ਦੇ ਲੇਖਾਂ ਵਿਚ ''ਤੇਜ'' ਅਤੇ ''ਸਮਰੱਥਾ'' ਖ਼ੁਦਾ ਦੀ ਗਤੀਵਿਧੀ ਦੇ ਅਰਥ ਵਿਚ ਸਮਾਨ ਅਰਥੀ ਸ਼ਬਦ ਹੋ ਸਕਦੇ ਹਨ। ਇਹ ਵਿਚਾਰ ਖ਼ੁਦਾ ਦੇ ਹੋਣ ਦੀ ਚਮਕ ਭਾਵ ਉਸ ਦੇ ਇਲਾਹੀ ਸੁਭਾਅ ਨੂੰ ਅਫ਼ਸੀਆਂ ਦੇ ਮਨਾਂ ਨੂੰ ਚਮਕਾਉਣ ਲਈ ਜੋੜਿਆ ਗਿਆ ਹੋਵੇਗਾ। ਜੋ ਕਿ ਉਨ੍ਹਾਂ ਬਰਕਤਾਂ ਵਿੱਚੋਂ ਇਕ ਹੈ ਜਿਨ੍ਹਾਂ ਲਈ ਪੌਲੁਸ ਨੇ ਦੁਆ ਕੀਤੀ (1:18)।

ਪੌਲੁਸ ਨੇ ਚਾਹਿਆ ਕਿ ਅਫ਼ਸੀਆਂ ਨੂੰ ਖ਼ੁਦਾ ਵੱਲੋਂ **ਆਪਣੀ ਪੂਰੀ ਪਛਾਣ ਵਿਚ ਗਿਆਨ ਅਤੇ ਪ੍ਰਕਾਸ਼ ਦਾ ਆਤਮਾ** ਮਿਲੇ ਤਾਂ ਜੋ ਉਨ੍ਹਾਂ ਵਿਚ ਉਸ ਦੀਆਂ ਤਿੰਨ ਖ਼ਾਸ ਦੁਆਵਾਂ (ਵੇਖੋ 1:18, 19)। ਪੂਰੀਆਂ ਹੋਣ। ਕੁਝ ਵਿਆਖਿਆ ਕਰਨ ਵਾਲਿਆਂ ਦਾ ਮੰਨਣਾ ਹੈ ਕਿ ''ਆਤਮਾ'' ਤੋਂ ਭਾਵ ''ਖ਼ੁਦਾ ਦਾ ਆਤਮਾ'' ਜਾਂ ''ਪਵਿੱਤਰ ਆਤਮਾ'' ਹੋਣਾ ਚਾਹੀਦਾ ਹੈ। ਪਰ ਮੂਲ ਲਿਖਤ ਵਿਚ ''ਆਤਮਾ'' ਤੋਂ ਪਹਿਲਾਂ ਕੋਈ ਉਪਪਦ ਨਹੀਂ ਹੈ ਅਤੇ ਸੰਦਰਭ ਖ਼ੁਦਾਈ ਵਿਚ ਅੱਨਯ ਪੁਰਖ ਦਾ ਹਵਾਲਾ ਨਹੀਂ ਮਿਲਦਾ। ਪੌਲੁਸ ਨੇ ਚਾਹਿਆ ਕਿ ਭਾਈਆਂ ਨੂੰ ''ਗਿਆਨ ਅਤੇ ਪ੍ਰਕਾਸ਼ ਦੀ ਰੂਹ'' ਮਿਲੇ ਨਾ ਕਿ ਉਹ ਗਿਆਨ ਅਤੇ ਪ੍ਰਕਾਸ਼ ਜਿਹੜਾ ਆਤਮਾ ਦਿੰਦਾ ਹੈ। ਤਾਂ ਵੀ ਉਨ੍ਹਾਂ ਦੀਆਂ ਜ਼ਿੰਦਗੀਆਂ ਵਿਚ ਆਤਮਾ ਕੰਮ ਕਰਦਾ ਸੀ ਅਤੇ ਆਤਮਾ ਨੇ ਮਨੁੱਖਾਂ ਨੂੰ ਪ੍ਰੇਰਣਾ ਦੇ ਕੇ ਖ਼ੁਸ਼ਖ਼ਬਰੀ ਦਾ ਪ੍ਰਕਾਸ਼ ਕੀਤਾ ਹੈ (1 ਕੁਰਿੰਥੀਆਂ 2:13)।

ਕੁਲੁੱਸੀਆਂ 1:9–11 ਵਿਚ ਇਸ ਨਾਲ ਮੇਲ ਖਾਂਦਾ ਹਵਾਲਾ ਸਾਨੂੰ ਅਫ਼ਸੀਆਂ ਦੇ ਇਸ ਭਾਗ ਨੂੰ ਸਮਝਾਉਣ ਵਿਚ ਮਦਦ ਕਰਦਾ ਹੈ ਪੌਲੁਸ ਨੇ ਦੁਆ ਕੀਤੀ ਕਿ ਕੁਲੁੱਸੇ ਦੇ ਲੋਕ ''ਹਰ ਪ੍ਰਕਾਰ ਦੇ ਆਤਮਿਕ ਗਿਆਨ ਅਤੇ ਸਮਝ ਨਾਲ ਉਹਦੀ ਇਛਿਆ ਦੀ ਪਛਾਣ ਤੋਂ ਭਰਪੂਰ ਹੋ'' ਜਾਣ। ਉਸ ਦੀ ਇੱਛਾ ਸੀ ਕਿ ਕੁਲੁੱਸੀਆਂ ਨੂੰ ਰੂਹਾਨੀ ਸਮਝ ਮਿਲੇ ਜਿਸ ਨਾਲ ਉਹ ਆਪਣੀਆਂ ਜ਼ਿੰਦਗੀਆਂ ਲਈ

ਖ਼ੁਦਾ ਦੀ ਇੱਛਾ ਨੂੰ ਲਾਗੂ ਕਰਨ ਦੀ ਸਮਝ ਅਤੇ ਬੁੱਧ ਪਾਉਣ। ਉਮੀਦ ਇਸ ਨਤੀਜੇ ਦੀ ਸੀ ਕਿ ਖ਼ੁਦਾ ਦਾ ਉਨ੍ਹਾਂ ਦਾ ਗਿਆਨ ਵਧੇ ਅਤੇ ਉਹ ਖ਼ੁਦਾ ਨੂੰ ਪੂਰੀ ਤਰ੍ਹਾਂ ਨਾਲ ਜਾਣ ਲੈਣ।

''ਗਿਆਨ'' (1:17; ਕੁਲੁੱਸੀਆਂ 1:10) *epignōsis* ਤੋਂ ਲਿਆ ਗਿਆ ਹੈ ਜਿਸ ਤੋਂ ਭਾਵ ਹੈ ''ਵਿਸ਼ਾਲ ਅਤੇ ਵਧੇਰੇ ਵਿਆਪਕ ਜਾਣਕਾਰੀ।''[8] ''ਗਿਆਨ'' ਲਈ ਯੂਨਾਨੀ ਨਾਉਂ (*gnōsis*) ਹੈ। ਗਿਆਨ ਨਾਲ ਵਧੇਰੇ ਹਿੱਸੇਦਾਰੀ ਦਾ ਸੰਕੇਤ ਜਾਣਕਾਰੀ ਦਿੰਦਿਆਂ ਜਿਸ ਦਾ ਜਾਣਨ ਵਾਲੇ ਉੱਤੇ ਜ਼ਬਰਦਸਤ ਅਸਰ ਹੈ ਪੂਰਵਸਰਗ *epi* ਜੋੜਿਆ ਗਿਆ ਹੈ।[9]

ਸਾਨੂੰ ਖ਼ੁਦਾ ਦਾ ਵਧੇਰੇ ਗਿਆਨ ਕਿਵੇਂ ਮਿਲ ਸਕਦਾ ਹੈ? ਇਸ ਸੰਦਰਭ ਵਿਚ ਖ਼ੁਦਾ ਦੁਆ ਦੇ ਜਵਾਬ ਵਿਚ ਆਪਣੇ ਪਰਗਟ ਕੀਤੇ ਗਏ ਸੰਦੇਸ਼ ਵਿਚਲੀ ਸੱਚਾਈਆਂ ਨੂੰ ਸਮਝਣ ਵਿਚ ਅਤੇ ਲੋਕਾਂ ਵਿਚ ਲਾਗੂ ਕਰਨ ਲਈ ਸਮਝ ਦਿੰਦਾ ਹੈ। ਜਿੰਨਾਂ ਖ਼ੁਦਾ ਨਾਲ ਸਾਡਾ ਨਜ਼ਦੀਕੀ ਸਬੰਧ ਹੋਵੇਗਾ ਉਨ੍ਹਾਂ ਹੀ ਅਸੀਂ ਉਸ ਨੂੰ ਬੇਹਤਰ ਜਾਣ ਪਾਵਾਂਗੇ। ਜਵਾਬ ਮਿਲੀ ਦੁਆ ਅਤੇ ਖ਼ੁਦਾ ਦੇ ਉਪਾਅ ਨੂੰ ਮਾਣਦਿਆਂ ਅਸੀਂ ਸਮੇਂ ਦੇ ਨਾਲ ਰੂਹਾਨੀ ਤੌਰ ਤੇ ਵੱਧਦੇ ਹਾਂ। ਇਸ ਆਇਤ ਵਿਚ ਪੌਲੁਸ ਦਾ ਮਕਸਦ ਅਫ਼ਸੀਆਂ ਨੂੰ ਹੋਰ ਮੁਕਾਸ਼ਫ਼ਾ ਦੁਆਉਣਾ ਨਹੀਂ ਬਲਕਿ ਇਹ ਸੀ ਕਿ ਉਨ੍ਹਾਂ ਨੂੰ ਉਸ ਮੁਕਾਸ਼ਫ਼ੇ ਨੂੰ ਸਮਝਣ ਅਤੇ ਅਮਲ ਵਿਚ ਲਿਆਉਣ ਦੀ ਸਮਝ ਮਿਲ ਜਾਵੇ ਜੋ ਖ਼ੁਦਾ ਦੇ ਗਿਆਨ ਤਕ ਪਹੁੰਚਣ ਲਈ ਉਨ੍ਹਾਂ ਕੋਲ ਪਹਿਲਾਂ ਤੋਂ ਸੀ। ਖ਼ੁਦਾ ਦੇ ਇਸ ਗਿਆਨ ਨਾਲ ਉਨ੍ਹਾਂ ਨੂੰ ਤਿੰਨ ਚੀਜ਼ਾਂ ਮਿਲ ਸਕਦੀਆਂ ਸਨ ਜਿਨ੍ਹਾਂ ਲਈ ਆਇਤਾਂ 18 ਅਤੇ 19 ਵਿਚ ਪੌਲੁਸ ਨੇ ਦੁਆ ਕੀਤੀ।

**ਆਇਤ 18.** ਦਿਲ ਮਨੁੱਖ ਦੀ ਸਮਝ, ਜਜ਼ਬਾਤ ਅਤੇ ਇੱਛਾ ਸ਼ਕਤੀ ਵਾਲੀ ਥਾਂ ਹੈ। ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਅਸੀਂ ਸਮਝ ਸਕਦੇ ਹਾਂ ਕਿ ਬਾਈਬਲ ਮਨੁੱਖ ਦੇ ਆਪਣੇ ਮਨ ਵਿਚ ਸੋਚਣ (ਕਹਾਉਤਾਂ 23:7; KJV; ਮੱਤੀ 9:4), ਦਿਲੋਂ ਪ੍ਰੇਮ ਕਰਨ (ਮੱਤੀ 22:37), ਅਤੇ ਦਿਲੋਂ ਹੁਕਮ ਮੰਨਣ (ਰੋਮੀਆਂ 6:17) ਦੀ ਗੱਲ ਕਿਉਂ ਕਰਦੀ ਹੈ। ਪੌਲੁਸ ਨੇ **ਤੁਹਾਡੇ ਦਿਲ ਦੀਆਂ ਅੱਖਾਂ** ਆਖਿਆ ਜਿਸ ਤੋਂ ਉਸ ਦਾ ਮਤਲਬ ਮਨੁੱਖੀ ਜਜ਼ਬਾਤ ਅਤੇ ਉਹ ਇੱਛਾ ਦੀ ਥਾਂ ਸੀ ਜਿਹੜੀ ਪ੍ਰਾਪਤ ਕੀਤੀ ਗਈ ਜਾਣਕਾਰੀ ਉੱਤੇ ਵਿਚਾਰ ਕਰ ਸਕਦੀ ਹੈ, ਤਰਕ ਦੇ ਸਕਦੀ ਹੈ, ਸਮਝ ਸਕਦੀ ਹੈ, ਫੈਸਲਾ ਦੇ ਸਕਦੀ ਹੈ ਅਤੇ ਕੰਮ ਕਰ ਸਕਦੀ ਹੈ। ਜਦ ਕੋਈ ਖ਼ੁਦਾ ਦੇ ਸੰਦੇਸ਼ ਨੂੰ ਸੁਣਦਾ ਹੈ ਤਾਂ ਉਹ ਉਸ ਨੂੰ ਕਬੂਲ ਕਰ ਸਕਦਾ ਹੈ ਜਾਂ ਉਸ ਨੂੰ ਨਕਾਰ ਸਕਦਾ ਹੈ। ਜੇ ਉਹ ਇਸ ਨੂੰ ਸਮਝ ਨਾਲ ਕਬੂਲ ਕਰੇ ਤਾਂ ਅਸੀਂ ਆਖ ਸਕਦੇ ਹਾਂ ਕਿ ਉਸ ਦੀਆਂ ਅੱਖਾਂ ਖੁੱਲ੍ਹੀਆਂ ਹੋਈਆਂ ਹਨ (ਲੂਕਾ 24:31)। ਜੇ ਉਸ ਨੂੰ ਨਾਸਮਝੀ ਜਾਂ ਮੁੱਤਅੱਸਬ ਜਾਂ ਪੱਖਪਾਤ ਕਰਕੇ ਨਕਾਰ ਸਕਦਾ ਹੈ ਤਾਂ ਅਸੀਂ ਆਖ ਸਕਦੇ ਹਾਂ ਕਿ ਉਸ ਦੀਆਂ ਅੱਖਾਂ ਬੰਦ ਹਨ ਜਾਂ ਅੰਨੀਆਂ ਹਨ (ਮੱਤੀ 13:15, 16)। ਇਸ ਅਰਥ ਵਿਚ ਦਿਨ ਦੀਆਂ ਅੱਖਾਂ ਹੁੰਦੀਆਂ ਹਨ। ਪੌਲੁਸ ਨੇ ਅਫ਼ਸੀਆਂ ਲਈ ਦੁਆ ਕੀਤੀ ਕਿ ''ਤੁਹਾਡੇ ਦਿਲ ਦੀਆਂ ਅੱਖਾਂ ਨੂੰ ਚਾਨਣ ਹੋਵੇ।''

**ਚਾਨਣ ਹੋਵੇ** ਅਫ਼ਸੀਆਂ ਲਈ ਵਰਤਮਾਨ ਦੇ ਨਤੀਜਿਆਂ ਨਾਲ ਬੀਤੀ ਹੋਈ ਕਿਸੇ ਗੱਲ ਦੇ ਨਤੀਜੇ ਨੂੰ ਕਿਹਾ ਗਿਆ ਹੈ। ''ਤੁਹਾਡੇ ਦਿਲ ਦੀਆਂ ਅੱਖਾਂ ਰੌਸ਼ਨ ਹੋ ਗਈਆਂ ਹਨ, ਉਸ ਵਰਤਮਾਨ ਨਤੀਜੇ ਨਾਲ ਕਿ ਹੁਣ ਤੁਸੀਂ ਚਮਕ ਗਏ ਹੋ।'' ਇਹ ਰੌਸ਼ਨੀ ਉਦੋਂ ਮਿਲੀ ਸੀ ਜਦੋਂ ਉਨ੍ਹਾਂ ਨੇ ਇੰਜੀਲ ਨੂੰ ਸੁਣਿਆ ਅਤੇ ਮੰਨਿਆ ਸੀ। ਹੁਣ ਉਹ ਚਾਨਣ ਪਾਏ ਹੋਏ ਸਨ। ਇਸ ਕਰਕੇ ਚਮਕ ਜਾਂ ਸਮਝ ਵਿਚ ਵੱਧਣ ਲਈ ਪੌਲੁਸ ਦੀ ਦੁਆ ਸੀ ਜੋ ਕਿ ਉਨ੍ਹਾਂ ਨੂੰ ਪਹਿਲਾਂ ਹੀ ਮਿਲ ਗਈ ਸੀ। ''ਚਾਨਣ'' ਉਸ ਦੇ ਉਲਟ ਹੈ ਜੋ ਵਿਸ਼ਵਾਸ ਵਿਚ ਆਉਣ ਤੋਂ ਪਹਿਲਾਂ ਅਫ਼ਸੁਸ ਦੇ ਲੋਕ ਸਨ। ''ਉਨ੍ਹਾਂ ਦੀ ਬੁੱਧ ਹਨੇਰੀ ਸੀ'' (4:18) ਅਤੇ ''ਅੱਗੇ ਹਨੇਰਾ'' ਸਨ ਪਰ ਸੰਤ ਅਤੇ ਮਸੀਹ ਵਿਚ ਵਫ਼ਾਦਾਰ ਬਣਨ ਦੇ ਬਾਅਦ ਉਹ ''ਚਾਨਣ ਦੇ ਪੁੱਤਰ'' ਸਨ ਅਤੇ ਉਨ੍ਹਾਂ ਲਈ ''ਚਾਨਣ ਦੇ ਪੁੱਤਰਾਂ ਵਾਂਗ'' ਚੱਲਣਾ ਜ਼ਰੂਰੀ ਸੀ (5:8)।

ਅਫ਼ਸੁਸ ਵਾਸੀ ਉਨ੍ਹਾਂ ਲੋਕਾਂ ਵਿੱਚੋਂ ਸਨ ਜਿਨ੍ਹਾਂ ਦੀਆਂ ਅੱਖਾਂ ਖੁੱਲ੍ਹ ਚੁੱਕੀਆਂ ਸਨ ਅਤੇ ਜਿਹੜੇ ਹਨੇਰੇ ਤੋਂ ਚਾਨਣ ਵਿਚ ਆ ਗਏ ਸਨ। ਉਸ ਸ਼ੈਤਾਨ ਦੇ ਕਬਜ਼ੇ ਵਿੱਚੋਂ ਖ਼ੁਦਾ ਦੇ ਕਬਜ਼ੇ ਵਿਚ ਚਲੇ ਗਏ ਸਨ, ਤਾਂ ਜੋ ਉਹ ਪਾਪਾਂ ਦੀ ਮਾਫ਼ੀ ਅਤੇ ਉਨ੍ਹਾਂ ਲੋਕਾਂ ਨਾਲ ਮੀਰਾਸ ਪਾ ਸਕਣ ਜਿਨ੍ਹਾਂ ਨੂੰ ਮਸੀਹ ਵਿਚ ਨਿਹਚਾ ਦੇ ਰਾਹੀਂ ਪਵਿੱਤਰ ਕੀਤਾ ਗਿਆ ਹੈ (ਵੇਖੋ ਰਸੂਲਾਂ ਦੇ ਕੰਮ 26:18)। ਉਨ੍ਹਾਂ ਨੂੰ ਇਸ ਸਮਝ ਵਿਚ ਜਿਹੜੀ ਉਨ੍ਹਾਂ ਨੂੰ ਮਿਲੀ ਸੀ, ਵਧਣਾ ਜ਼ਰੂਰੀ ਸੀ।

## ਖ਼ੁਦਾ ਦੀ ਬੁਲਾਹਟ, ਉਸ ਦੀ ਮੀਰਾਸ ਅਤੇ ਉਸ ਦੀ ਸਮਰੱਥਾ ਦਾ ਵੱਡਾਪਣ (1:18-19)

**[18]ਕਿ ਤੁਹਾਡੇ ਦਿਲ ਦੀਆਂ ਅੱਖਾਂ ਨੂੰ ਚਾਨਣ ਹੋਵੇ ਤਾਂ ਜੋ ਤੁਸੀਂ ਜਾਣ ਲਵੋ ਭਈ ਉਹ ਦੇ ਸੱਦੇ ਤੋਂ ਕੀ ਆਸ ਹੁੰਦੀ ਹੈ ਅਤੇ ਸੰਤਾਂ ਵਿਚ ਉਹ ਦੇ ਤੇਜਵਾਨ ਅਧਕਾਰ ਦਾ ਧਨ ਕੀ ਹੈ। [19]ਅਤੇ ਅਸਾਂ ਨਿਹਚਾਵਾਨਾਂ ਵੱਲ ਉਹ ਦੀ ਸਮਰੱਥਾ ਦਾ ਅਤਯੰਤ ਵੱਡਾਪਣ ਉਹ ਦੀ ਵੱਡੀ ਸ਼ਕਤੀ ਦੇ ਅਮਲ ਅਨੁਸਾਰ ਕੀ ਹੈ।**

ਅਫ਼ਸੁਸ ਵਾਸੀ ਵਿਸ਼ਵਾਸ ਵਿਚ ਵਧ ਰਹੇ ਅਤੇ ਮਜ਼ਬੂਤ ਹੋ ਰਹੇ ਸਨ। ਪੌਲੁਸ ਨੇ ਉਨ੍ਹਾਂ ਲਈ ਦੁਆ ਕੀਤੀ ਕਿ ਉਹ ਖ਼ੁਦਾ ਦੀ ਮੰਸ਼ਾ ਦੀ ਡੂੰਘੀ ਸਮਝ ਤਕ ਪਹੁੰਚ ਜਾਣ ਜੋ ਉਨ੍ਹਾਂ ਵਿਚ ਕੰਮ ਕਰ ਰਹੀ ਸੀ। ਉਸ ਦੀ ਮਰਜ਼ੀ ਸੀ ਕਿ ਉਹ ਤਿੰਨ ਗੱਲਾਂ ਵਿਚ ਜਾਗਰਿਤ ਹੋ ਜਾਣ ਜਾਂ ਹੋਰ ਸਾਫ਼ ਸਾਫ਼ ਵੇਖ ਸਕਣ। ਉਸ ਨੇ ਦੁਆ ਕੀਤੀ ਕਿ ਉਹ ਖ਼ੁਦਾ ਦੀ ਬੁਲਾਹਟ, ਆਪਣੀ ਮੀਰਾਸ ਦੇ ਤੇਜ ਦੇ ਧਨ ਅਤੇ ਖ਼ੁਦਾ ਦੀ ਸ਼ਕਤੀ ਦੇ ਵੱਡੇਪਣ ਨੂੰ ਪੂਰੀ ਤਰ੍ਹਾਂ ਨਾਲ ਸਮਝ ਲੈਣ।

**ਆਇਤ 18.** ਪਹਿਲਾਂ ਤਾਂ ਪੌਲੁਸ ਆਪਣੇ ਪਾਠਕਾਂ ਨੂੰ ਉਸ ਆਸ ਨੂੰ ਗਹਿਰਾਈ ਨਾਲ ਸਮਝਾਉਣਾ ਚਾਹੁੰਦਾ ਸੀ ਜਿਹੜੀ ਖ਼ੁਦਾ ਦੀ ਬੁਲਾਹਟ ਕਰਕੇ ਉਨ੍ਹਾਂ ਦੀ ਸੀ। ਉਸ ਨੇ ਆਖਿਆ ਕਿ ਉਹ ਉਨ੍ਹਾਂ ਦੇ ਜਾਗ੍ਰਿਤ ਹੋਣ ਲਈ ਦੁਆ ਕਰਦਾ ਹੈ ''ਤਾਂ ਜੋ ਤੁਸੀਂ ਜਾਣ ਲਵੋ ਭਈ ਉਹਦੇ ਸੱਦੇ ਤੋਂ ਕੀ ਆਸ ਹੁੰਦੀ ਹੈ।'' **ਉਹ ਦੇ ਸੱਦੇ** ਦਾ ਜ਼ਿਕਰ ਖ਼ੱਤ ਦੇ ਸ਼ੁਰੂ ਵਿਚ ਲੈ ਆਉਂਦਾ ਹੈ ਜਿੱਥੇ ਪੌਲੁਸ ਨੇ ਉਸ ਤੱਥ ਦੀ ਗੱਲ ਕੀਤੀ ਕਿ ਖ਼ੁਦਾ ਨੇ ਸਾਨੂੰ ''ਚੁਣ ਲਿਆ'' ਹੈ (1:4)। ਇਹ ''ਤੁਸੀਂ ਜਿਸ ਸੱਦੇ ਨਾਲ ਸੱਦੇ ਹੋਏ ਹੋ'' (4:1) ਅਤੇ ''ਆਪਣੇ ਸੱਦੇ ਦੀ ਇੱਕੋ ਆਸ ਵਿਚ'' (4:4) ਵੱਲ ਅੱਗੇ ਨੂੰ ਵੀ ਵੇਖਦਾ ਹੈ ਜਿਸ ਦੀ ਗੱਲ ਪੌਲੁਸ ਨੇ ਪੱਤਰੀ ਵਿਚ ਅੱਗੇ ਕੀਤੀ। ਖ਼ੁਦਾ ਦੀ ਬੁਲਾਹਟ ਜ਼ਬਰਦਸਤੀ ਨਹੀਂ ਹੈ ਕਿਉਂ ਜੋ ਖ਼ੁਦਾ ਬਚਾਏ ਜਾਣ ਲਈ ਲੋਕਾਂ ਦੀ ਮਨਜ਼ੂਰੀ ਜਾਂ ਠੁਕਰਾਏ ਜਾਣ ਦੇ ਸਬੰਧ ਵਿਚ ਪਸੰਦ ਨਹੀਂ ਬਣਾ ਰਿਹਾ ਹੈ, ਇਸ ਕਰਕੇ ਇਹ ਸਾਡੇ ਲਈ ਉਸ ਦੇ ਨਾਲ ਸਬੰਧ ਰੱਖਣ ਵਾਸਤੇ ਰਸਤਾ ਖੋਲਣ ਦੀ ਉਸ ਦੀ ਪਹਿਲ ਦੀ ਗੱਲ ਕਰਦਾ ਹੈ। ਸਾਡੀ ਆਸ ''ਮਸੀਹ ਵਿਚ'' ਹੈ ਅਤੇ ਸਾਡੀ ਇਹ ਆਸ ਇਸ ਕਰਕੇ ਹੈ ਕਿਉਂ ਜੋ ਖ਼ੁਦਾ ਨੇ ਇਸ ਨੂੰ ''ਉਹ ਦੀ ਮਹਿਮਾ ਦੀ ਉਸਤਤ'' ਲਈ ਦਿੱਤਾ ਹੈ (1:12)।

ਅਫ਼ਸੁਸ ਵਾਸੀਆਂ ਦੀ ਪਾਪ ਭਰੀ ਹਾਲਤ ਦੇ ਉਲਟ ਪੌਲੁਸ ਦੇ ਲਿਖਣ ਵੇਲੇ ਉਨ੍ਹਾਂ ਨੂੰ ਆਪਣੀ ਪੂਰੀ ਮੀਰਾਸ ਦੀ ਆਸ ਸੀ (1:11–14)। ਉਨ੍ਹਾਂ ਦੀ ਆਸ ਸੁਰਗ ਲਈ (ਕੁਲੁੱਸੀਆਂ 1:5), ਭਾਵ ਅਜਿਹਾ ਵਾਅਦਾ ਸੀ ਜਿਹੜਾ ਇੰਜੀਲ ਨੂੰ ਉਨ੍ਹਾਂ ਦੇ ਕਬੂਲ ਕਰਨ ਨਾਲ ਮਿਲਣਾ ਸੀ (ਕੁਲੁੱਸੀਆਂ 1:23)। **ਆਸ** (*elpis*) ਇਸ ਨੂੰ ''ਪਾਉਣ ਦੀ ਉਮੀਦ ਨਾਲ ਕਿਸੇ ਚੰਗੀ ਚੀਜ਼ ਦੀ ਖ਼ਾਹਿਸ'' ਹੈ।[10] ਇਨ੍ਹਾਂ ਮਸੀਹੀ ਲੋਕਾਂ ਨੂੰ ਨਾ ਸਿਰਫ਼ ਸੁਰਗ ਦੀ ਖ਼ਾਹਿਸ਼ ਸੀ ਬਲਕਿ ਉਨ੍ਹਾਂ ਨੂੰ ਖ਼ੁਦਾ ਦੇ ਵਾਅਦੇ ਕਰਕੇ ਉੱਥੇ ਰਹਿਣ ਦੀ ਉਮੀਦ ਵੀ ਸੀ। ਆਸ ਸਿਰਫ਼ ਇੱਛਾ ਨਹੀਂ ਹੈ ਕਿਉਂਕਿ ਬਾਈਬਲ ਦੇ ਨਜ਼ਰੀਏ ਤੋਂ ਉੱਥੇ ਜਾਏ ਬਗੈਰ ਕਿਸੇ ਉਮੀਦ ਦੇ ਸੁਰਗ ਦੀ ਇੱਛਾ ਰੱਖ ਸਕਦਾ ਹੈ। ਨਾ ਹੀ ਆਸ ਸਿਰਫ਼ ਉਮੀਦ ਹੈ ਕਿਉਂ ਜੋ ਕੋਈ ਕਿਸੇ ਖ਼ਤਰਨਾਕ ਚੀਜ਼ ਦੇ ਹੋਣ ਦੀ ਇੱਛਾ ਕੀਤੇ ਬਗੈਰ ਇਸ ਦੇ ਹੋਣ ਦੀ ਉਮੀਦ

ਕਰ ਸਕਦਾ ਹੈ। ਆਸ ਇੱਛਾ ਅਤੇ ਉਮੀਦ ਦੋਵੇਂ ਹੈ। ਖ਼ੁਦਾ ਦੇ ਵਚਨ ਤੇ ਅਧਾਰਿਤ ਇਹ ਆਸ ''ਸਾਡੀ ਜਾਨ ਦਾ ਲੰਗਰ ਹੈ ਜਿਹੜਾ ਅਚੱਲ ਅਤੇ ਸਥਿਰ ਹੈ'' ਜਦ ਮਸੀਹੀ ਆਦਮੀ ਨੂੰ ਜ਼ਿੰਦਗੀ ਵਿਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ (ਇਬਰਾਨੀਆਂ 6:19)। ਪੌਲੁਸ ਚਾਹੁੰਦਾ ਸੀ ਕਿ ਉਸ ਦੇ ਪਾਠਕ ''ਉਹ ਦੇ ਸੱਦੇ ਦੀ ਆਸ'' ਵਿਚ ਵਧਣ।

**ਆਇਤ 18.** ਦੂਜਾ, ਪੌਲੁਸ ਨੇ ਦੁਆ ਕੀਤੀ ਕਿ ਅਫ਼ਸੁਸ ਵਾਸੀ ਜਾਣ ਲੈਣ ਕਿ **''ਸੰਤਾਂ ਵਿਚ ਉਹ ਦੇ ਤੇਜਵਾਨ ਅਧਕਾਰ ਦਾ ਧਨ ਕੀ ਹੈ''** (1:18)। ਅਧਿਆਇ 1 ਵਿਚ ਪੌਲੁਸ ਨੇ ਪਹਿਲਾਂ ਹੀ ''ਅਧਕਾਰ'' ਦੀ ਵਰਤੋਂ ਦੋ ਤਰ੍ਹਾਂ ਨਾਲ ਕੀਤੀ ਹੈ। ਸੰਤ ਖ਼ੁਦਾ ਦੀ ਮੀਰਾਸ ਸਨ (ਵੇਖੋ 1:11), ਅਤੇ ਪਵਿੱਤਰ ਆਤਮਾ ''ਸਾਡੇ ਅਧਕਾਰ ਦੀ ਸਾਈ'' ਹੈ, ਜੋ ਮਸੀਹੀ ਲੋਕਾਂ ਨੂੰ ਦਾਨ ਦੇ ਰੂਪ ਵਿਚ ਮਿਲਣ ਵਾਲਾ ਸੀ (1:14)। ਜੇ **ਸੰਤਾਂ ਵਿਚ** ਖ਼ੁਦਾ ਦੇ **ਅਧਕਾਰ** ਦੀ ਗੱਲ ਕਰਦਿਆਂ ਪੌਲੁਸ ਦੇ ਦਿਲ ਵਿਚ ਪਹਿਲਾਂ ਵਾਲੀ ਗੱਲ ਸੀ ਤਾਂ ਉਹ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਸੀ ਕਿ ਖ਼ੁਦਾ ਦੀ ਨਜ਼ਰ ਵਿਚ ਉਹ ਕਿੰਨੇ ਕੀਮਤੀ ਹਨ। ਜੇ ਪੌਲੁਸ ਨੇ ''ਅਧਕਾਰ'' ਦੀ ਵਰਤੋਂ ਬਾਅਦ ਵਾਲੇ ਅਰਥ ਵਿਚ ਕੀਤੀ ਤਾਂ ਉਹ ਚਾਹੁੰਦਾ ਸੀ ਕਿ ਉਹ **ਤੇਜ** ਦੇ ਧਨ ਨੂੰ ਜਿਹੜਾ ਖ਼ੁਦਾ ਨੇ ਉਨ੍ਹਾਂ ਲਈ ਅਗਲੇ ਸੰਸਾਰ ਵਿਚ ਰੱਖਿਆ ਹੈ, ਚੰਗੀ ਤਰ੍ਹਾਂ ਨਾਲ ਸਮਝ ਲੈਣ। ਆਇਤ 14 ਵਿਚ ਪੌਲੁਸ ਦੀ ਗੱਲ ਦੇ ਅਧਾਰ ਤੇ ਲਗਦਾ ਹੈ ਕਿ ਖ਼ੁਦਾ ਦੇ ਸੰਤਾਂ ਨੂੰ ਮਿਲਣ ਵਾਲੇ ਤੇਜਵਾਨ ਅਧਕਾਰ ਦੀ ਬੜੀ ਸਮਝ ਮਿਲਣ ਤੇ ਦੁਆ ਕਰਦਿਆਂ ਉਸ ਦੇ ਮਨ ਵਿਚ ਬਾਅਦ ਵਾਲੀ ਗੱਲ ਸੀ।

**ਆਇਤ 19.** ਪੌਲੁਸ ਅਫ਼ਸੀਆਂ ਨੂੰ ਇਹ ਵੀ ਦੱਸਣ ਲਈ ਤਰਸਦਾ ਸੀ ਕਿ **''ਅਸਾਂ ਨਿਹਚਾਵਾਨਾਂ ਵੱਲ ਉਹ ਦੀ ਸਮਰੱਥਾ ਦਾ ਅਤਯੰਤ ਵੱਡਾਪਣ ਉਹ ਦੀ ਵੱਡੀ ਸ਼ਕਤੀ ਦੇ ਅਮਲ ਅਨੁਸਾਰ ਕੀ ਹੈ।''** ਇਨ੍ਹਾਂ ਸਮੀਹੀ ਲੋਕਾਂ ਲਈ ਪੌਲੁਸ ਦੀ ਦੁਆ ਵਿਚ ਇਹ ਤੀਜੀ ਬੇਨਤੀ ਹੈ। ਇਹ ਸਮਰੱਥਾ ਭਰੇ ਸ਼ਬਦਾਂ ਨਾਲ ਤਰ–ਬਤਰ ਹੈ, ਜਿਸ ਵਿਚ ਪੌਲੁਸ ਨੇ ਦੁਆ ਕੀਤੀ ਕਿ ਉਸ ਦੇ ਪਾਠਕਾਂ ਨੂੰ ਖ਼ੁਦਾ ਦੀ **ਸਮਰੱਥਾ** ਦੀ ਵੱਡੀ ਸਮਝ ਆ ਸਕੇ।

ਇਸ ਖ਼ੱਤ ਵਿਚ ਇਸ ਸਮਰੱਥਾ ਲਈ ਰਸੂਲ ਨੇ ਚਾਰ ਸ਼ਬਦਾਂ ਦੀ ਵਰਤੋਂ ਕੀਤੀ। ਉਸ ਨੇ ਖ਼ੁਦਾ ਦਾ ਅਤਿਅੰਤ ਵੱਡਾਪਣ (*huperballon megethos*) ਦਾ ਹਵਾਲਾ ਦਿੰਦਿਆਂ ''ਸਮਰੱਥਾ'' ਸ਼ਬਦ ਦਾ ਪਰਿਚੈ ਦਿੱਤਾ। ਇਸ ਵਿਚ ''ਦੇ ਅੱਗੇ ਸੁੱਟਣਾ ... ਉੱਤਮਤਾ'' ਸ਼ਾਮਿਲ ਹੈ ਭਾਵ ਮਹਾਨਤਾ ਦੀ ਇਕ ਬੇਹਤੀਰਨ ਕਿਸਮ ਜੋ ਮਾਪ ਨਾਲੋਂ ਵਧ ਕੇ ਭਾਵ ਸਿਰਫ਼ ਮਹਾਨਤਾ ਅਤੇ ਸ਼ਕਤੀ ਨਾਲੋਂ ਕਿਤੇ ਵਧ ਕੇ ਹੈ।[11] ਖ਼ੁਦਾ ਦੀ ਸਮਰੱਥਾ ਬਿਨਾਂ ਕਿਸੇ ਹਦ ਦੇ ਹੈ। ਇੱਥੇ ਵਰਤੇ ਗਏ ''ਸਮਰੱਥਾ'' ਦੇ ਚਾਰ ਸ਼ਬਦ ਹਨ। *dunamis* ਜੋ ''ਸੁਭਾਵਿਕ ਯੋਗਤਾ, ਸਹਿਜ ਸ਼ਕਤੀ'' ਲਈ ਯੂਨਾਨੀ ਸ਼ਬਦ ਹੈ; *energeia* ਜਿਸਦਾ ਅਨੁਵਾਦ **ਅਮਲ** ਹੋਇਆ ਹੈ ਅਤੇ ਇਸ ਦਾ ਅਰਥ ''ਊਰਜਾ, ਅਮਲ ਵਿਚ ਸ਼ਕਤੀ'' ਹੈ। *ischus* ਜਿਸਦਾ ਅਨੁਵਾਦ **ਸ਼ਕਤੀ** ਹੋਇਆ ਹੈ ਅਤੇ ਇਹ ''ਸਰੀਰਕ ਸ਼ਕਤੀ ਨਾਲ ਦੇਣਾ'' ਦਾ ਸੰਕੇਤ ਹੈ; *kratos* ਦਾ ਅਨੁਵਾਦ ਹੋਇਆ ਸ਼ਬਦ **ਵੱਡੀ** ਹੈ ਜਿਸ ਤੋਂ ਭਾਵ ਹੈ ''ਪ੍ਰਭਾਵ ਵਿਚ ਸ਼ਕਤੀ।''[12] ਇਨ੍ਹਾਂ ਚਾਰੇ ਧਾਰਣਾਵਾਂ ਨੂੰ ਇਕੱਠਾ ਕਰਨ ਤੇ ਪੌਲੁਸ ਨੇ ਖ਼ੁਦਾ ਦੇ ਸਹਿਜ ਸਮਰੱਥਾ ਨਾਲ ਦੇਣ ਦੀ ਗੱਲ ਕੀਤੀ ਜਿਸ ਦੇ ਰਾਹੀਂ ਉਹ ਬਿਨਾਂ ਮਾਪ ਦੇ ਪ੍ਰਭਾਵਾਂ ਨੂੰ ਲਿਆਉਣ ਲਈ ਗੱਲ ਕਰਦਾ ਹੈ। ਪੌਲੁਸ ਨੇ ਖ਼ੁਦਾ ਦੀ ਸਮਰੱਥਾ ਨੂੰ ਅਫ਼ਸੀਆਂ ਦੀ ਆਸ ਅਤੇ ਅਧਕਾਰ ਨਾਲ ਜੋੜ ਦਿੱਤਾ। ਜਿਸ ਦੇ ਕਹਿਣ ਦਾ ਮਤਲਬ ਇਹ ਹੋਵੇਗਾ ਕਿ ਅਜਿਹੀ ਕੋਈ ਗੱਲ ਨਹੀਂ ਹੈ ਕਿ ਖ਼ੁਦਾ ਉਨ੍ਹਾਂ ਦੀ ਆਸ ਨੂੰ ਨਿਰਾਸ ਕਰੇ ਜਾਂ ਉਨ੍ਹਾਂ ਨੂੰ ਅਧਕਾਰ ਜਾਂ ਮੀਰਾਸ ਦੇਣ ਵਿਚ ਨਾਕਾਮ ਹੋਵੇ। ਖ਼ੁਦਾ ਐਨਾਂ ਸ਼ਕਤੀਸ਼ਾਲੀ ਹੈ ਕਿ ਜੋ ਕੁਝ ਉਸ ਨੇ ਵਾਅਦਾ ਕੀਤਾ ਹੈ ਉਹ ਉਸ ਨੂੰ ਪੂਰਾ ਕਰਨ ਦੇ ਯੋਗ ਹੈ!

ਖ਼ੁਦਾ ਦੀ ਜ਼ਬਰਦਸਤ ਸਮਰੱਥਾ **ਅਸਾਂ ਨਿਹਚਾਵਾਨਾਂ ਵੱਲ** ਹੈ। ''ਵੱਲ'' ਯੂਨਾਨੀ ਉਪਸਰਗ *eis* ਦਾ ਅਨੁਵਾਦ ਹੈ ਜੋ ਇਹ ਵਿਖਾਉਂਦਾ ਹੈ ਕਿ ਖ਼ੁਦਾ ਦੀ ਸਮਰੱਥਾ ਉਨ੍ਹਾਂ ਉੱਤੇ ਪਰਗਟ ਹੈ ਜਿਹੜੇ

ਨਿਹਚਾ ਕਰਨਾ ਜਾਰੀ ਰੱਖਦੇ ਹਨ, ਉਨ੍ਹਾਂ ਦੀ ਆਸ ਅਤੇ ਅਧਕਾਰ ਦਾ ਭਰੋਸਾ ਦੁਆਉਂਦੇ ਹੋਏ। ''ਨਿਹਚਾ'' ਲਗਾਤਾਰ ਕੰਮ ਕਰਨ ਦੀ ਕਿਰਿਆ ਹੈ।

ਪੌਲੁਸ ਨੇ ਇਨ੍ਹਾਂ ਤਿੰਨ ਖੇਤਰਾਂ ਦੀ ਗੱਲ ਪੂਰੀ ਕੀਤੀ ਜਿਨ੍ਹਾਂ ਵਿਚ ਉਹ ਆਪਣੇ ਭਾਈਆਂ ਨੂੰ ਜਾਗਰਿਤ ਕਰਨਾ ਚਾਹੁੰਦਾ ਸੀ।

## ਖ਼ੁਦਾ ਦੀ ਸਮਰੱਥਾ ਵਿਖਾਈ ਗਈ (1:20-23)

**[20]ਜਿਹੜਾ ਉਹ ਨੇ ਮਸੀਹ ਵਿਚ ਕੀਤਾ ਜਦ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਅਤੇ ਸੁਰਗੀ ਥਾਵਾਂ ਵਿਚ ਆਪਣੇ ਸੱਜੇ ਹੱਥ ਬਹਾਲਿਆ। [21]ਉਹ ਹਰੇਕ ਹਕੂਮਤ, ਇਖ਼ਤਿਆਰ, ਕੁਦਰਤ, ਰਿਆਸਤ, ਅਤੇ ਹਰੇਕ ਨਾਉਂ ਦੇ ਉਤਾਹਾਂ ਹੈ ਜੋ ਨਾ ਕੇਵਲ ਇਸ ਜੁੱਗ ਵਿਚ ਸਗੋਂ ਆਉਣ ਵਾਲੇ ਜੁੱਗ ਵਿਚ ਭੀ ਲਈਦਾ ਹੈ। [22]ਅਤੇ ਸੱਭੋ ਕੁਝ ਉਸ ਦੇ ਪੈਰਾਂ ਹੇਠ ਕਰ ਦਿੱਤਾ ਅਤੇ ਸਭਨਾਂ ਵਸਤਾਂ ਉੱਤੇ ਸਿਰ ਬਣਨ ਲਈ ਉਸ ਨੂੰ ਕਲੀਸੀਆ ਲਈ ਦੇ ਦਿੱਤਾ। [23]ਇਹ ਉਸ ਦੀ ਦੇਹ ਹੈ ਅਰਥਾਤ ਉਸ ਦੀ ਭਰਪੂਰੀ ਜਿਹੜਾ ਸਭਨਾਂ ਵਿਚ ਸੱਭੋ ਕੁਝ ਭਰਦਾ ਹੈ।**

ਆਇਤਾਂ 20 ਤੋਂ 23 ਵਿਚ ਪੌਲੁਸ ਦੀ ਦੁਆ ਜਾਰੀ ਰਹਿੰਦੀ ਹੈ। ਅਫ਼ਸੀਆਂ ਲਈ ਉਸ ਦਾ ਪ੍ਰੇਮ ਪਰਗਟ ਹੈ ਅਤੇ ਖ਼ੁਦਾ ਵਿਚ ਉਸ ਦਾ ਵਿਸ਼ਵਾਸ ਉਸ ਦੀਆਂ ਬੇਨਤੀਆਂ ਵਿੱਚੋਂ ਦੀ ਝਲਕਦਾ ਹੈ।

**ਆਇਤ 20.** ਖ਼ੁਦਾ ਦੀ ਉਹ ਸਮਰੱਥਾ ਜਿਸ ਨੂੰ ਪੌਲੁਸ ਚਾਹੁੰਦਾ ਸੀ ਕਿ ਇਹ ਭਾਈ ਚੰਗੀ ਤਰ੍ਹਾਂ ਨਾਲ ਸਮਝ ਲੈਣ, ਮਸੀਹ ਦੇ ਜੀ ਉੱਠਣ ਵਿਚ ਵਿਖਾਈ ਗਈ ਸੀ।

ਲਿਖਤ ਦੇ ਸਾਡੇ ਭਾਗ ਵਿਚ ਉਸ ਸ਼ਕਤੀਸ਼ਾਲੀ ਕੰਮ ਦੀ ਗੱਲ ਹੈ **''ਜਿਹੜਾ ਉਹ** *[ਖ਼ੁਦਾ]* **ਨੇ ਮਸੀਹ ਵਿਚ ਕੀਤਾ ਜਦ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ।'' ਕੀਤਾ** ਦਾ ਅਨੁਵਾਦ ਯੂਨਾਨੀ ਸ਼ਬਦ *energeō* ਤੋਂ ਕੀਤਾ ਗਿਆ ਹੈ ਜਿਸ ਦਾ ਅਰਥ ਹੈ ''ਸਰਗਰਮ ਹੋਣਾ।''[13] ਅਨਿਸ਼ਚਿਤ ਭੂਤਕਾਲ ਕ੍ਰਿਦੰਤ ਕਿਰਿਆਸ਼ੀਲ ਦਾ ਸੰਕੇਤਿਕ ਬੀਤੇ ਵਿਚ ਹੋਈ ਕਿਸੇ ਗੱਲ ਨੂੰ ਦੱਸਦਾ ਹੈ। ਭਾਵ ਇਹ ਹੈ ਕਿ ਖ਼ੁਦਾ ਬੀਤੇ ਵਿਚ ਸ਼ਕਤੀਸ਼ਾਲੀ ਢੰਗ ਨਾਲ ਕੰਮ ਕਰਦਾ ਸੀ ਅਤੇ ਇਹ ਇਕ ਦਲੇਰੀ ਹੋਣੀ ਚਾਹੀਦੀ ਹੈ ਕਿ ਉਹ ਆਪਣੇ ਲੋਕਾਂ ਦੀਆਂ ਆਸਾਂ ਨੂੰ ਪੂਰਾ ਕਰਦਿਆਂ ਉਸ ਨੂੰ ਸ਼ਕਤੀਸ਼ਾਲੀ ਢੰਗ ਨਾਲ ਪੂਰਾ ਕਰੇਗਾ। ਖ਼ੁਦਾ ਦੀ ਸ਼ਕਤੀਸ਼ਾਲੀ ਢੰਗ ਨਾਲ ਕੰਮ ਕਰਨ ਦੇ ਬਾਅਦ ਜਿਸ ਨੇ **ਮਸੀਹ ਵਿਚ** ਕੰਮ ਕੀਤਾ, ਪੌਲੁਸ ਨੇ ਉਸ ਦੀ ਗੱਲ ਕੀਤੀ ਜਿਸ ਨੂੰ ਉਸ ਸਮਰੱਥਾ ਨੇ ਪੂਰਾ ਕੀਤਾ ਸੀ: ''ਉਸ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ।'' ਮਸੀਹ ਦਾ ਜੀ ਉੱਠਣਾ ਯਿਸੂ ਦੀ ਖ਼ੁਦਾਈ ਦਾ ਸਭ ਤੋਂ ਵੱਡਾ ਸਬੂਤ ਸੀ (ਵੇਖੋ ਰੋਮੀਆਂ 1:4)। ਉਸ ਦਾ ਜੀ ਉੱਠਣਾ ਖ਼ੁਦਾ ਦੀ ਸਮਰੱਥਾ ਦੇ ਵੱਡੇਪਣ ਦਾ ਮੁਜ਼ਾਹਿਰਾ ਵੀ ਸੀ। ਪੌਲੁਸ ਨੇ ਲਿਖਤ ਦੇ ਇਸ ਭਾਗ ਵਿਚ ਸਲੀਬ ਦੀ ਗੱਲ ਨਹੀਂ ਕੀਤੀ ਕਿਉਂ ਜੋ ਸਲੀਬ ਜਿੰਨੀ ਅਹਿਮ ਹੈ, ਜੀ ਉੱਠਣ ਦੀ ਸਮਰੱਥਾ ਦੇ ਮੁਕਾਬਲੇ ਉਸ ਨੇ ਇਸ ਨੂੰ ਕਮਜ਼ੋਰ ਪਾਇਆ (2 ਕੁਰਿੰਥੀਆਂ 13:4) ਕੁਲੁੱਸੀਆਂ 2:12 ਵਿਚ ਪੌਲੁਸ ਨੇ ਯਿਸੂ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਅਤੇ ਵਿਸ਼ਵਾਸੀ ਦੇ ਬਪਤਿਸਮੇ ਦੇ ਵਿਚ ਜੀ ਉੱਠਣ ਦੇ ਸਬੰਧ ਵਿਚ ਨਾਉਂ ਸ਼ਬਦ *energeia* ਦੀ ਵਰਤੋਂ ਕੀਤੀ। ਮੁਰਦਿਆਂ ਨੂੰ ਜ਼ਿੰਦਾ ਕਰਨ ਲਈ ਬਹੁਤ ਸ਼ਕਤੀ ਦੀ ਲੋੜ ਹੈ ਅਤੇ ਇਹ ਬਹੁਤ ਸ਼ਕਤੀ ਖ਼ੁਦਾ ਦੀ ਹੈ।

**ਆਇਤ 20.** ਇਹ ਆਖਦਿਆਂ ਕਿ ਖ਼ੁਦਾ ਨੇ ਨਾ ਸਿਰਫ਼ ਮਸੀਹ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕੀਤਾ ਬਲਕਿ ਉਸ ਨੂੰ ਉੱਚਿਆਂ ਵੀ ਕੀਤਾ, **ਉਸ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਅਤੇ ਸੁਰਗੀ ਥਾਂਵਾਂ ਵਿਚ ਆਪਣੇ ਸੱਜੇ ਹੱਥ ਬਹਾਲਿਆ।** ਪੌਲੁਸ ਨੇ ਉਸ ਦੀ ਸਮਰੱਥਾ ਉੱਤੇ ਜ਼ੋਰ ਦਿੱਤਾ। ''ਬਹਾਲਿਆ'' ਇਹ ਸੰਕੇਤ ਦਿੰਦਾ ਹੈ ਕਿ ਛੁਟਕਾਰੇ ਦਾ ਕੰਮ ਪੂਰਾ ਹੋ ਚੁੱਕਾ ਸੀ ਪਰ ਇਹ ਆਦਰ, ਮਹਿਮਾ ਅਤੇ ਸ਼ਾਨ

ਦੀ ਥਾਂ ਦਾ ਵੀ ਸੰਕੇਤ ਦਿੰਦਾ ਹੈ, ਕਿਉਂਕਿ ਇਹ ਬਹਾਲਿਆ ਜਾਣਾ ਖ਼ੁਦਾ ਦੇ ''ਸੱਜੇ ਹੱਥ'' ਵੱਲ ਹੈ। ਪੁਰਾਣੇ ਨੇਮ ਵਿਚ ਖ਼ੁਦਾ ਦੇ ਸੱਜੇ ਹੱਥ ਨੂੰ ਹਮਾਇਤ, ਫ਼ਤਹਿ ਅਤੇ ਸ਼ਕਤੀ ਦਿੱਤੇ ਜਾਣ ਦੇ ਰੂਪ ਵਿਚ ਵਿਖਾਇਆ ਗਿਆ ਹੈ (ਜ਼ਬੂਰ 80:17; 20:6; 89:13)। ਉਹ ਸਮਰੱਥਾ ਜਿਸ ਨੇ ਮਸੀਹ ਨੂੰ ਮਹਿਮਾ ਦਿੱਤੀ ਸੀ, ਅਫ਼ਸੀਆਂ ਕੋਲ ਉਨ੍ਹਾਂ ਦੀ ਆਸ ਨੂੰ ਪੂਰਾ ਕਰਨ ਅਤੇ ਉਨ੍ਹਾਂ ਦੇ ਅਧਕਾਰ ਵਿਚ ਉਨ੍ਹਾਂ ਨੂੰ ਲਿਆਉਣ ਲਈ ਸੀ। (''ਸੁਰਗੀ ਥਾਂਵਾਂ'' ਲਈ 1:3 ਤੇ ਟਿੱਪਣੀਆਂ ਵੇਖੋ)।

**ਆਇਤ 21.** ਪੌਲੁਸ ਨੇ ਜ਼ੋਰ ਦਿੱਤਾ ਕਿ ਮਸੀਹ ਨੂੰ ਉੱਚਿਆਂ ਕੀਤਾ ਜਾਣਾ ਖ਼ੁਦਾ ਦੀ ਬੇਹੱਦ ਸਮਰੱਥਾ ਨਾਲ ਸੰਭਵ ਹੋਇਆ। ਉਸ ਨੇ ਮਸੀਹ ਦੇ **ਹਰੇਕ ਹਕੂਮਤ** (*archē*), **ਇਖ਼ਤਿਆਰ** (*exousia*), **ਕੁਦਰਤ** (*dunamis*), **ਰਿਆਸਤ** (*kuriotēs*) **ਦੇ ਉਤਾਹਾਂ** ਹੋਣ ਦਾ ਐਲਾਨ ਕੀਤਾ। ਇਨ੍ਹਾਂ ਯੂਨਾਨੀ ਸ਼ਬਦਾਂ ਨੂੰ ਪੌਲੁਸ ਨੇ 3:10 ਅਤੇ 6:12 ਵਿਚ ਵੀ ਵਰਤਿਆ ਸੀ। ਇਨ੍ਹਾਂ ਆਇਤਾਂ ਦੇ ਮੁਤਾਬਿਕ ਕਲੀਸੀਆ ਖ਼ੁਦਾ ਦੀ ਬੁੱਧ ਨੂੰ ''ਹਕੂਮਤਾਂ'' ਅਤੇ ''ਇਖ਼ਤਿਆਰਾਂ'' ਉੱਤੇ ਪਰਗਟ ਕਰਦੀ ਹੈ ਅਤੇ ਮਸੀਹੀ ਵਿਅਕਤੀ ਦੀ ਲੜਾਈ ''ਹਕੂਮਤਾਂ'' ਅਤੇ ''ਇਖ਼ਤਿਆਰਾਂ'' (''ਸ਼ਕਤੀਆਂ''; KJV) ਨਾਲ ਹੈ। ਇਹੀ ਦੋਵੇਂ ਯੂਨਾਨੀ ਸ਼ਬਦ ਕੁਲੁੱਸੀਆਂ 2:10 ਅਤੇ 2:15 ਵਿਚ ਵੀ ਮਿਲਦੇ ਹਨ। ਉੱਥੇ ਮਸੀਹ ਨੂੰ ''ਹਕੂਮਤਾਂ ਅਤੇ ਇਖ਼ਤਿਆਰਾਂ'' ਨੂੰ ਆਪਣੇ ਗਲੋਂ ਲਾਹ ਕੇ ਸਾਰੀ ''ਹਕੂਮਤ'' ਅਤੇ ''ਇਖ਼ਤਿਆਰ'' ਉੱਤੇ ਸਿਰ ਵਿਖਾਇਆ ਗਿਆ ਹੈ। ਰੋਮੀਆਂ 8:38, 39 ਦੇ ਮੁਤਾਬਿਕ ਨਾ ਤਾਂ ਹਕੂਮਤਾਂ *archē* ਅਤੇ ਨਾ ਹੀ ਕੋਈ ਹੋਰ ਗੱਲ ਸਾਨੂੰ ਖ਼ੁਦਾ ਦੇ ਪ੍ਰੇਮ ਤੋਂ ਅੱਡ ਕਰ ਸਕਦੀ ਹੈ। ਕੁਰਿੰਥੀਆਂ ਦੇ ਨਾਂਅ ਲਿਖਦਿਆਂ ਪੌਲੁਸ ਨੇ ਸਮੇਂ ਦੇ ਅੰਤ ਦੀ ਗੱਲ ਕੀਤੀ। ਜਦ ਮਸੀਹ ਰਾਜ ਨੂੰ ਖ਼ੁਦਾ ਦੇ ਸਪੁਰਦ ਕਰਕੇ ''ਹਰੇਕ ਹਕੂਮਤ ਅਤੇ ਹਰੇਕ ਇਖ਼ਤਿਆਰ ਅਤੇ ਕੁਦਰਤ'' ਦਾ ਖ਼ਾਤਮਾ ਕਰ ਦੇਵੇਗਾ (1 ਕੁਰਿੰਥੀਆਂ 15:24)। ਕੁਲੁੱਸੀਆਂ 1:16 ਵਿਚ ''ਹਕੂਮਤਾਂ'' ਅਤੇ ''ਇਖ਼ਤਿਆਰ'' ''ਉਸੇ ਤੋਂ ਅਤੇ ਉਸੇ ਦੇ ਲਈ ਉਤਪਤ'' ਹੋਏ ਦੱਸੇ ਗਏ ਹਨ।

2 ਪਤਰਸ 2:10, 11 ਵਿਚ ''ਹਕੂਮਤ'' (*kuriotēs*) ਅਤੇ ''ਸਮਰੱਥਾ'' (*dunamis*) ਦਾ ਜ਼ਿਕਰ ਹੈ। ਕੁਲੁੱਸੀਆਂ 1:16 ਵੀ ''ਰਿਆਸਤਾਂ'' (*kuriotēs*), ''ਹਕੂਮਤਾਂ'' (*archē*) ਅਤੇ ''ਇਖ਼ਤਿਆਰਾਂ'' (*exousia*) ਦੀ ਗੱਲ ਕੀਤੀ ਗਈ ਹੈ। ਇਸ ਲਿਖਤ ਤੇ ''ਹਕੂਮਤ,'' ''ਇਖ਼ਤਿਆਰ,'' ''ਕੁਦਰਤ,'' ਅਤੇ ''ਰਿਆਸਤ'' ਦੀ ਵੱਖੋ ਵੱਖ ਵਰਤੋਂ ਦਾ ਕੀ ਮਤਲਬ ਹੈ? ਇਹ ਸਪੱਸ਼ਟ ਲਗਦਾ ਹੈ ਕਿ ਲਿਖਤ ਵਿਚ ਚੰਗੇ ਅਤੇ ਮਾੜੇ, ਸੰਸਾਰਿਕ ਅਤੇ ਸੁਰਗੀ ਕਈ ਅਰਥਾਂ ਵਿਚ ਇਨ੍ਹਾਂ ਸ਼ਬਦਾਂ ਦੀ ਵਰਤੋਂ ਹੈ। ਰਸੂਲ ਇਹ ਕਹਿਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਮਸੀਹ ਸੁਰਗ ਦੀ ਹੋਵੇ ਜਾਂ ਧਰਤੀ ਦੀ, ਰੂਹਾਨੀ ਸੰਸਾਰ ਦੀ ਹੋਵੇ ਜਾਂ ਜਿਸਮਾਨੀ ਸੰਸਾਰ ਦੀ, ਹਰ ਗੱਲ ਅਤੇ ਹਰ ਸ਼ਖ਼ਸ ਦੇ ਉੱਤੇ ਹੈ। ਇੱਕੋ ਇਕ ਅਪਵਾਦ ਖ਼ੁਦਾ ਹੈ (1 ਕੁਰਿੰਥੀਆਂ 15:27)।

**ਆਇਤ 21. ਹਰੇਕ ਨਾਉਂ ... ਜੋ ... ਲਈ ਦਾ ਹੈ** ਵਾਕਅੰਸ਼ ਫ਼ਿਲਿੱਪੀਆਂ 2:9, 10 ਦੀ ਯਾਦ ਦੁਆਉਂਦਾ ਹੈ: ''ਇਸ ਕਾਰਨ ਪਰਮੇਸ਼ੁਰ ਨੇ ਵੀ ਉਸ ਨੂੰ ਅੱਤ ਉੱਚਿਆਂ ਕੀਤਾ ਅਤੇ ਉਸ ਨੂੰ ਉਹ ਨਾਮ ਦਿੱਤਾ ਜਿਹੜਾ ਸਭਨਾਂ ਨਾਮਾਂ ਤੋਂ ਉੱਤਮ ਹੈ। ਭਈ ... ਯਿਸੂ ਦਾ ਨਾਮ ਲੈ ਕੇ ... ਹਰ ਗੋਡਾ ਨਿਵਾਇਆ ਜਾਵੇ।'' ਇਸ ਆਇਤ ਵਿਚ ਜਿਹੜਾ ਨਾਂਅ ਸਭਨਾਂ ਤੋਂ ਉੱਪਰ ਹੈ ਉਹ ''ਯਿਸੂ'' ਹੋ ਸਕਦਾ ਹੈ ਜਿਸ ਦਾ ਮਤਲਬ ਹੈ ''ਯਹੋਵਾਹ ਮੁਕਤੀਦਾਤਾ ਹੈ।''[14] ਇਸ ਨਾਮ ਦੀ ਅਹਿਮੀਅਤ ਮੱਤੀ 1:21 ਵਿਚ ਨਜ਼ਰ ਅਉਂਦੀ ਹੈ ਇੱਥੇ ਫ਼ਰਿਸ਼ਤੇ ਨੇ ਯੂਸੁਫ਼ ਨੂੰ ਆਖਿਆ ਸੀ, ''ਤੂੰ ਉਹ ਦਾ ਨਾਮ ਯਿਸੂ ਰੱਖੀ ਕਿਉਂ ਜੋ ਉਹ ਆਪਣੇ ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਬਚਾਵੇਗਾ।'' ਯਸਾਯਾਹ 9:6 ਵਿਚ ਮਸੀਹਾ ਸਬੰਧੀ ਨਬੀ ਨੇ ਕਿਹਾ ਸੀ, ''ਉਹ ਦਾ ਨਾਮ ਇਉਂ ਸੱਦਿਆ ਜਾਵੇਗਾ, ਅਚਰਜ ਸਲਾਹੂਣ, ਸ਼ਕਤੀਮਾਨ ਪਰਮੇਸ਼ੁਰ, ਅਨਾਦੀ ਪਿਤਾ, ਸ਼ਾਂਤੀ ਦਾ ਰਾਜਕੁਮਾਰ।'' ਇਬਰਾਨੀਆਂ 1:4, 5 ਯਿਸੂ ਨੂੰ ਫ਼ਰਿਸ਼ਤਿਆਂ ਤੋਂ ਉੱਪਰ ਵਿਖਾਉਂਦਾ ਹੈ: ''ਜਿੰਨਾ ਕੁ ਉਹ ਨੇ ਉਨ੍ਹਾਂ ਨਾਲੋਂ ਵਿਰਸੇ ਵਿਚ ਉੱਤਮ

ਨਾਮ ਪਾਇਆ। ਕਿਉਂ ਜੋ ਦੂਤਾਂ ਵਿੱਚੋਂ ਪਰਮੇਸ਼ੁਰ ਨੇ ਕਿਹ ਨੂੰ ਕਦੇ ਆਖਿਆ, ਤੂੰ ਮੇਰਾ ਪੁੱਤਰ ਹੈਂ, ਮੈਂ ਅੱਜ ਤੈਨੂੰ ਜਨਮ ਦੁਆਇਆ ਹੈ? ਅਤੇ ਫੇਰ ਏਹ, ਮੈਂ ਉਹ ਦਾ ਪਿਤਾ ਹੋਵਾਂਗਾ, ਅਤੇ ਉਹ ਮੇਰਾ ਪੁੱਤਰ ਹੋਵੇਗਾ।'' ਇਸ ਕਰਕੇ ਭਾਵੇਂ ਅਸੀਂ ''ਯਿਸੂ'' ਨਾਂਅ ਦੀ ਜਾਂ ਨਬੀ ਵੱਲੋਂ ਦਿੱਤੇ ਨਾਂਵਾਂ ਦੀ ਜਾਂ ''ਪੁੱਤਰ'' ਦੀ ਗੱਲ ਕਰੀਏ, ਜਿਹੜਾ ਨਾਂਅ ਖ਼ੁਦਾ ਨੇ ਉਸ ਨੂੰ ਦਿੱਤਾ ਹੈ ਉਹ ''ਉਹ ਹਰੇਕ ਨਾਉਂ ਦੇ ਉਤਾਹਾਂ'' ਹੈ। ਮਸੀਹ ਹਰ ਥਾਂ, ਹਰ ਗੱਲ ਵਿਚ ਉੱਪਰ ਹੈ ਅਤੇ ਉਸ ਦਾ ਨਾਂਅ ਹਰ ਨਾਂਅ ਤੋਂ ਜਿਹੜਾ ਲਿਆ ਜਾ ਸਕਦਾ ਹੈ, ਉੱਪਰ ਹੈ।

**ਆਇਤ 21.** ਇਹ ਗੱਲਾਂ **ਨਾ ਕੇਵਲ ਇਸ ਜੁੱਗ ਵਿਚ** ਬਲਕਿ ਆਉਣ ਵਾਲੇ ਜੁਗ ਵਿਚ ਵੀ ਸੱਚ ਹਨ। ਜੁੱਗ ਲਈ ਯੂਨਾਨੀ ਸ਼ਬਦ *kosmos* ਨਹੀਂ ਹੈ ਜਿਸ ਤੋਂ ਭਾਵ ਸੰਸਾਰ (KJV) ਜਾਂ ਰਚਿਆ ਹੋਇਆ ਸੰਸਾਰ ਨਹੀਂ ਬਲਕਿ *aiōn* ਹੈ ਜੋ ਕਾਲ ਦੀ ਗੱਲ ਕਰਦਾ ਹੈ ਅਤੇ ਉਸ ਦਾ ਅਰਥ ਚੀਜ਼ਾਂ ਦੇ ਭਵਿੱਖ ਦੇ ਨਾਲ ਨਾਲ ਮੌਜੂਦਾ ਹਾਲਤ ਵੀ ਹੈ।[15] ਨਾਉਂ ਸ਼ਬਦ *aiōn* ਦੀ ਵਰਤੋਂ ''ਇਸ ਯੁੱਗ'' ਭਾਵ ਵਰਤਮਾਨ ਦੇ ਸਬੰਧ ਵਿਚ ਅਤੇ ''ਆਉਣ ਵਾਲੇ ਯੁੱਗ'' ਭਾਵ ਭਵਿੱਖ ਦੇ ਸਬੰਧ ਵਿਚ ਕੀਤੀ ਗਈ ਹੈ ਜਿਸ ਦਾ ਆਰੰਭ ਮਸੀਹ ਦੀ ਦੂਜੀ ਆਮਦ ਵੇਲੇ ਹੋਵੇਗਾ। ਮਸੀਹ ਵਰਤਮਾਨ ਯੁੱਗ ਵਿਚ ਅਤੇ ਆਉਣ ਵਾਲੇ ਯੁੱਗ ਦੀ ਹਰ ਗੱਲ ਵਿਚ ਸਭ ਦੇ ਉੱਪਰ ਹੈ। ਪੌਲੁਸ ਨੇ ਮਸੀਹੀ ਆਦਮੀ ਦੇ ਅਧਕਾਰ ਜਾਂ ਮੀਰਾਸ (1:5, 18), ਆਸ (1:18), ਆਖ਼ਰੀ ਛੁਟਕਾਰੇ (1:14; 4:30), ਮਸੀਹ ਦੇ ਅਬਦੀ ਰਾਜ ਵਿਚ ਥਾਂ (5:5), ਅਤੇ ਖ਼ੁਦਾ ਵਡਿਆਈ (3:20, 21) ਦੀ ਗੱਲ ਕਰਦਿਆਂ ਬਾਰ ਬਾਰ ਇਸ ਦਾ ਸੰਕੇਤ ਦਿੱਤਾ।

**ਆਇਤ 22.** ਆਪਣੀ ਵੱਡੀ ਸਮਰੱਥਾ ਦੇ ਰਾਹੀਂ ਖ਼ੁਦਾ ਨੇ ਮਸੀਹ ਦੇ ਇਖ਼ਤਿਆਰ ਦੇ ਹੇਠਾਂ ਹਰ ਗੱਲ ਨੂੰ ਰੱਖਿਆ: **ਅਤੇ ਸੱਭੋ ਕੁਝ ਉਸ ਦੇ ਪੈਰਾਂ ਹੇਠ ਕਰ ਦਿੱਤਾ ... ।** ''ਹੇਠ ਕਰ ਦਿੱਤਾ'' *hupotassō* ਦਾ ਅਨੁਵਾਦ ਹੈ ਜੋ ਕਿ ਫ਼ੌਜ ਵਿਚ ਵਰਤਿਆ ਜਾਣ ਵਾਲਾ ਸ਼ਬਦ ਹੈ, ਜਿਸ ਦਾ ਅਰਥ ਟੁਕੜੀਆਂ ਨੂੰ ਕਮਾਂਡਰਾਂ ਦੇ ਅਧੀਨ ਰੱਖਦਿਆਂ, ਕਿਸੇ ਦੇ ਅਧੀਨ ਰੱਖਣਾ[16] ਹੁੰਦਾ ਹੈ।

> ਇਸ ਕਰਕੇ ਇਹ ਕੰਮ [*hupotassō* ਦਾ ਅਨਿਸਚਿਤ ਭੂਤਕਾਲ ... ਰੂਪ] ਦੇ ਰਾਹੀਂ ਉੱਚਾ ਕੀਤੇ ਜਾਣ ਕਰਕੇ ਪੂਰੇ ਕਬਜ਼ੇ ਦਾ ਪੱਕਾ ਦਾਨ ਹੋ ਸਕਦਾ ਹੈ। ਮਸੀਹ ਦੇ ਜ਼ਿੰਦਾ ਕੀਤੇ ਜਾਣ ਦੇ ਬਾਅਦ ਹਰ ਚੀਜ਼ ਨੂੰ ਉਸ ਦੇ ਪੈਰਾਂ ਹੇਠ ਕਰਨ ਅਤੇ ਉਸ ਨੂੰ ... ਸਭ ਦੇ ਉੱਪਰ ਸਿਰ ਬਣਾਉਣ ਦੇ ਬਾਅਦ ਖ਼ੁਦਾ ਦੇ ਸੱਜੇ ਹੱਥ ਬਿਠਾਇਆ ਗਿਆ।[17]

ਮੁਰਦਿਆਂ ਵਿੱਚੋਂ ਜੀ ਉੱਠਣ ਦੇ ਬਾਅਦ ਮਸੀਹ ਨੇ ਆਖਿਆ, ''ਅਕਾਸ਼ ਅਤੇ ਧਰਤੀ ਦਾ ਸਾਰਾ ਇਖ਼ਤਿਆਰ ਮੈਨੂੰ ਦਿੱਤਾ ਗਿਆ ਹੈ'' (ਮੱਤੀ 28:18)। ਉਹ ਸਭ ਦਾ ਪ੍ਰਭੂ ਹੈ।

ਪੱਤਰ ਵਿਚ ਪੌਲੁਸ ਨੇ ਇੱਥੇ ਪਹਿਲੀ ਵਾਰ **ਕਲੀਸੀਆ** ਸ਼ਬਦ ਵਰਤਿਆ। ਪਰ ਪੂਰਾ ਪੱਤਰ ਕਲੀਸੀਆ ਤੇ ਹੀ ਹੈ ਅਤੇ ਇੱਥੇ ਇਸ ਦਾ ਪਹਿਲੀ ਵਾਰ ਜ਼ਿਕਰ ਖ਼ੁਦਾ ਦੀ ਮੰਸ਼ਾ ਵਿਚ ਕਲੀਸੀਆ ਦੀ ਉੱਚੀ ਹਾਲਤ ਨੂੰ ਦਰਸਾਉਂਦਾ ਹੈ। ''ਕਲੀਸੀਆ'' ਲਈ ਯੂਨਾਨੀ ਨਾਉਂ ਸ਼ਬਦ (*ek,* ''ਵਿੱਚੋਂ'') ਅਤੇ (*kaleō,* ''ਸੱਦਣਾ'') ਤੋਂ ਬਣਿਆ ਇਕ ਮਿਸ਼ਰਿਤ ਸ਼ਬਦ *ekklēsia* ਲੋਕਾਂ ਦੀ ਜਮਾਤ ਨੂੰ ਕਿਹਾ ਜਾਂਦਾ ਹੈ ਜਿਹੜੇ ''ਇਕੱਠਾ ਹੋਏ'' ਹਨ।[18] ਨਵੇਂ ਨੇਮ ਵਿਚ ਇਸਦੀ ਵਰਤੋਂ ਇਸਰਾਏਲ ਦੀ ਮੰਡਲੀ (ਰਸੂਲਾਂ ਦੇ ਕੰਮ 7:38), ਕਿਸੇ ਵੀ ਸੱਦੀ ਹੋਈ ਸਭਾ (ਰਸੂਲਾਂ ਦੇ ਕੰਮ 19:32, 39, 41), ਖ਼ੁਦਾ ਦੇ ਲੋਕਾਂ ਦੀ ਸਥਾਨਕ ਮੰਡਲੀ (ਉਦਾਹਰਣ ਲਈ, ਰਸੂਲਾਂ ਦੇ ਕੰਮ 8:1), ਕਿਸੇ ਥਾਂ ਦੀਆਂ ਕਲੀਸੀਆਵਾਂ (1 ਕੁਰਿੰਥੀਆਂ 16:1; 2 ਕੁਰਿੰਥੀਆਂ 8:1; ਗਲਾਤੀਆਂ 1:2), ਅਤੇ ਵਿਸ਼ਵਵਿਆਪੀ ਕਲੀਸੀਆ ਜਾਂ ਮਸੀਹ ਵਿਚ ਬਚਾਏ ਹੋਏ ਸਭ ਲੋਕਾਂ (ਮੱਤੀ 16:18; ਕੁਲੁੱਸੀਆਂ

1:18; ਅਫ਼ਸੀਆਂ 1:22) ਲਈ ਕੀਤੀ ਗਈ ਹੈ। ਕਲੀਸੀਆ ਖ਼ੁਦਾ ਦੇ ਸੱਦੇ ਹੋਏ ਲੋਕ ਹਨ (ਵੇਖੋ 1 ਪਤਰਸ 2:9, 10), ਜਿਨ੍ਹਾਂ ਨੂੰ ਇੰਜੀਲ ਦੇ ਰਾਹੀਂ ਸੱਦਿਆ ਗਿਆ ਹੈ (2 ਥੱਸਲੁਨੀਕੀਆਂ 2:14) ਅਤੇ ਜਿਨ੍ਹਾਂ ਨੇ ਇਸ ਨੂੰ ਹੁਕਮ ਮੰਨ ਕੇ ਪ੍ਰਾਪਤ ਕੀਤਾ ਹੈ (ਰਸੂਲਾਂ ਦੇ ਕੰਮ 2:37–47)।

ਪੌਲੁਸ ਨੇ ਅਫ਼ਸੀਆਂ ਨੂੰ ਯਕੀਨ ਦੁਆਇਆ ਕਿ ਖ਼ੁਦਾ ਨੇ **ਸਿਰ ਬਣਨ ਲਈ ਉਸ ਨੂੰ** ਕਲੀਸੀਆ ਲਈ ਦੇ ਦਿੱਤਾ। ਜਿਵੇਂ ਮਸੀਹ ਸੰਸਾਰ ਦੀ ਹਰ ਗੱਲ ਵਿਚ ਸਿਰ ਹੈ ਉਵੇਂ ਹੀ ਉਸ ਨੂੰ ਕਲੀਸੀਆ ਨੂੰ ਇਸ ਦੇ ਸਿਰ ਦੇ ਰੂਪ ਵਿਚ ਖ਼ੁਦਾ ਦੇ ਦਾਨ ਦੇ ਰੂਪ ਵਿਚ ਦਿੱਤਾ ਗਿਆ ਹੈ। ''ਸਿਰ'' (*kephalē*) ਦੀ ਵਰਤੋਂ ''ਕਿਸੇ ਵੀ ਚੀਜ਼ ਉੱਤੇ'' *ਸਰਵਉੱਚ,* ਪ੍ਰਧਾਨ, ਉੱਘਾ; ... ਮਾਲਿਕ, ਪ੍ਰਭੂ ਲਈ ਕੀਤੀ ਗਈ ਹੈ।[19] ਇੱਥੇ ਮਸੀਹ ਦੀ ਕਲੀਸੀਆ ਦਾ ਸਿਰ ਹੋਣ ਤੋਂ ਭਾਵ ਕਲੀਸੀਆ ਉੱਤੇ ਉਸ ਦੇ ਇਖ਼ਤਿਆਰ ਲਈ ਲਿਆ ਜਾਵੇ। ਕੁਲੁੱਸੀਆਂ 2:10 ਵਿਚ ਪੌਲੁਸ ਨੇ ਸਿਰ ਦੀ ਵਰਤੋਂ ਇੱਥੇ ਅਰਥ ਵਿਚ ਕੀਤੀ ਜਦ ਉਸਨੇ ਮਸੀਹ ਲਈ ਕਿਹਾ, ''ਜਿਹੜਾ ਸਾਰੀ ਹਕੂਮਤ ਅਤੇ ਇਖ਼ਤਿਆਰ ਦਾ ਸਿਰ ਹੈ।'' ਦਿਸ਼ਾ ਅਤੇ ਉਦੇਸ ਲਈ ਕਲੀਸੀਆ ਉਸ ਦੀ ਇੱਛਾ ਵੱਲ ਵੇਖਦੀ ਹੈ। ਸਾਨੂੰ ਮਸੀਹ ਦੇ ਰੂਪ ਬਦਲਣ ਵੇਲੇ ਖ਼ੁਦਾ ਦੀ ਜ਼ਰੂਰੀ ਤਾਕੀਦ ਦਾ ਧਿਆਨ ਆਉਂਦਾ ਹੈ: ''ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਤੋਂ ਮੈਂ ਪ੍ਰਸੰਨ ਹਾਂ; *ਉਹ ਦੀ ਸੁਣੋ!''* (ਮੱਤੀ 17:5)। ਮਸੀਹ ਦੀ ਸੁਣਨ ਦਾ ਮਤਲਬ ਨਵੇਂ ਨੇਮ ਨੂੰ ਮੰਨਣਾ ਹੈ (ਵੇਖੋ ਇਬਰਾਨੀਆਂ 9:15–17), ਉਸ ਦੇ ਹੁਕਮ ਦੇ ਰੂਪ ਵਿਚ ਨਵੇ ਨੇਮ ਦੀਆਂ ਗੱਲਾਂ ਦਾ ਸਨਮਾਨ ਕਰਨਾ (1 ਕੁਰਿੰਥੀਆਂ 14:37), ਅਤੇ ਇਹ ਯਕੀਨੀ ਬਣਾਉਣਾ ਹੈ ਕਿ ਅਸੀਂ ਉਵੇਂ ਹੀ ਬੋਲੀਏ ਜਿਵੇਂ ''ਪਰਮੇਸ਼ੁਰ ਦਾ ਵਚਨ'' ਹੈ (1 ਪਤਰਸ 4:11)। ਕਲੀਸੀਆ ਦੇ ਰੂਪ ਵਿਚ ਸਾਨੂੰ ਉਸ ਸਭ ਦੇ ਇਖ਼ਤਿਆਰ ਦੇ ਲਈ ਜੋ ਅਸੀਂ ਕਰਦੇ ਹਾਂ ਮਸੀਹ ਵੱਲ ਵੇਖਣਾ ਜ਼ਰੂਰੀ ਹੈ, ਭਾਵੇਂ ਇਹ ਬੰਦਗੀ ਦੀ ਗੱਲ ਹੋਵੇ, ਜਾਂ ਸੰਗਠਨ ਦੀ ਜਾਂ ਫੇਰ ਮਿਸ਼ਨ ਦੀ।

ਮਸੀਹ ਕਲੀਸੀਆ ਦਾ ਸਿਰ ਹੈ, ਇਸ ਕਰਕੇ ਕਲੀਸੀਆ ਨੂੰ ਉਸ ਦੀਆਂ ਨਜ਼ਰਾਂ ਵਿਚ ਉੱਚਾ ਕੀਤਾ ਗਿਆ ਹੈ ਜਿਹੜਾ ਸੰਸਾਰ ਦੀ ਹਰ ਚੀਜ਼ ਤੋਂ ਉੱਪਰ ਹੈ ਅਤੇ ਉਹ ਇਸ ਨੂੰ ਆਪਣੇ ਸਾਹਮਣੇ ''ਪ੍ਰਤਾਪਵਾਨ ਕਲੀਸੀਆ'' ਦੇ ਰੂਪ ਵਿਚ ਪੇਸ਼ ਕਰਨਾ ਚਾਹੁੰਦਾ ਹੈ (5:27)। ਕਲੀਸੀਆ ਮਸੀਹ ਲਈ ਬੇਸ਼ਕੀਮਤੀ ਹੈ ਕਿਉਂਕਿ ਉਸ ਨੇ ਆਪਣੇ ਆਪ ਨੂੰ ਉਸ ਦੇ ਲਈ ਦੇ ਦਿੱਤਾ (5:25) ਅਤੇ ਉਸ ਨੂੰ ਬਚਾਇਆ (5:23)। ਹਰ ਮਨੁੱਖੀ ਜੀਵਨ ਜਿਸ ਨੂੰ ਪਾਪ ਤੋਂ ਬਚਾ ਕੇ ਖ਼ੁਦਾ ਨਾਲ ਮਿਲਾਇਆ ਗਿਆ ਹੈ ਉਹ ਕਲੀਸੀਆ ਦਾ ਹਿੱਸਾ ਹੈ (2:16)। ਕੋਈ ਵੀ ਜਿਹੜਾ ਕਲੀਸੀਆ ਬਾਰੇ ਅਤੇ ਮਨੁੱਖ ਦੇ ਬਚਾਏ ਜਾਣ ਵਿਚ ਉਸ ਦੇ ਮਹੱਤਵ ਤੇ ਅਪਮਾਨ ਭਰੇ ਢੰਗ ਨਾਲ ਗੱਲ ਕਰਦਾ ਹੈ ਜ਼ਾਹਿਰ ਤੌਰ ਤੇ ਭੁੱਲ ਗਿਆ ਹੈ ਕਿ ''ਮਸੀਹ ਨੇ ਕਲੀਸੀਆ ਨਾਲ ਪ੍ਰੇਮ'' ਕੀਤਾ (5:25) ਅਤੇ ਆਪਣੇ ਲਹੂ ਨਾਲ ਉਸ ਨੂੰ ਖ਼ਰੀਦਿਆ ਹੈ (ਰਸੂਲਾਂ ਦੇ ਕੰਮ 20:28)। ਕਲੀਸੀਆ ਜਿਸ ਨਾਲ ਮਸੀਹ ਪ੍ਰੇਮ ਕਰਦਾ ਹੈ ਨੂੰ ਬੜੀ ਵੱਡੀ ਕੀਮਤ ਦੇ ਕੇ ਖ਼ਰੀਦਿਆ ਗਿਆ ਹੈ। ਇਹਦੇ ਲਈ ਸਿਰ ਦੇ ਰੂਪ ਵਿਚ ਮਸੀਹ ਨੂੰ ਮਾਣ ਦੇਣਾ ਅਤੇ ''ਮਸੀਹ ਦੇ ਅਧੀਨ'' ਰਹਿਣਾ ਜ਼ਰੂਰੀ ਹੈ (ਅਫ਼ਸੀਆਂ 5:24)।

**ਆਇਤ 23.** ਇਹ ਆਇਤ ਕਲੀਸੀਆ ਨੂੰ ਮਸੀਹ ਦੀ **ਦੇਹ** ਦੇ ਰੂਪ ਵਿਚ ਵਿਖਾਉਂਦੀ ਹੈ। ਯੂਨਾਨੀ ਨਾਉਂ ਸ਼ਬਦ *sōma* ਜਿਸਦਾ ਅਨੁਵਾਦ ''ਦੇਹ'' ਕੀਤਾ ਗਿਆ ਹੈ, ਦੀ ਵਰਤੋਂ ਪੌਲੁਸ ਵੱਲੋਂ ਕਲੀਸੀਆ ਦੇ ਸਬੰਧ ਵਿਚ ਇਸ ਪੱਤਰ ਵਿਚ ਘੱਟੋ ਘੱਟ ਅੱਠ ਵਾਰ ਹੋਈ ਹੈ। ਇਸ ਆਇਤ ਵਿਚ ਪੌਲੁਸ ਨੇ ਕਿਹਾ ਕਿ ਕਲੀਸੀਆ ਮਸੀਹ ਦੀ ਦੇਹ ਹੈ। ਮਸੀਹ ਨੂੰ ਦੇਹ ਦੇ ਇਕ ''ਸਿਰ'' ਦੇ ਰੂਪ ਵਿਚ ਵਿਖਾਇਆ ਗਿਆ ਹੈ ਅਤੇ ਕਲੀਸੀਆ ਨੂੰ ਮਸੀਹ ਦੀ ''ਇੱਕੋ ਦੇਹ'' ਦੇ ਰੂਪ ਵਿਚ (ਵੇਖੋ 4:4)।

ਇਸ ਰੂਪਕ ਦੇ ਕਈ ਅਰਥ ਹਨ। 1 ਕੁਰਿੰਥੀਆਂ 12:12–26 ਵਿਚ ਕਲੀਸੀਆ ਨੂੰ ਇਕ ਸਰੀਰਕ ਦੇਹ ਨਾਲ ਮਿਲਾਉਂਦੇ ਹੋਏ ਪੌਲੁਸ ਨੇ ਵਿਖਾਇਆ ਕਿ ਸਰੀਰਕ ਦੇਹ ਦਾ ਸਿਰ ਦੇ ਅਧੀਨ ਰਹਿਣ ਅਤੇ ਕਲੀਸੀਆ ਦਾ ਮਸੀਹ ਦੇ ਅਧੀਨ ਰਹਿਣਾ ਜ਼ਰੂਰੀ ਹੈ। ਜਿਵੇਂ ਸਰੀਰ ਦੇ ਕਈ ਅੰਗ

ਹੁੰਦੇ ਹਨ ਉਵੇਂ ਹੀ ਕਲੀਸੀਆ ਦੇ ਕਈ ਅੰਗ ਜਾਂ ਮੈਂਬਰ ਹਨ; ਪਰ ਸਿਰ ਸਿਰਫ਼ ਇੱਕੋ ਹੈ ਅਤੇ ਦੇਹ ਵੀ ਸਿਰਫ਼ ਇੱਕੋ ਹੀ ਹੈ। ਇਸੇ ਤਰ੍ਹਾਂ ਸਰੀਰਕ ਦੇਹ ਦੇ ਵੱਖੋ ਵੱਖ ਕਰਨ ਵਾਲੇ ਕਈ ਅੰਗ ਹਨ। ਕਲੀਸੀਆ ਦੀ ਦੇਹ ਵੱਲੋਂ ਵੱਖੋ ਵੱਖ ਦਾਨ (ਜਾਂ ਤੋੜੇ) ਪਾਏ ਹੋਏ ਕਈ ਮੈਂਬਰ ਹਨ। ਸਰੀਰਕ ਦੇਹ ਦੇ ਸਾਰੇ ਅੰਗ ਆਪਣੀਆਂ ਭੂਮਿਕਾਵਾਂ ਦੇ ਬਾਵਜੂਦ ਖ਼ਾਸ ਹਨ; ਉਵੇਂ ਹੀ ਕਲੀਸੀਆ ਦੇ ਸਾਰੇ ਮੈਂਬਰ ਖ਼ਾਸ ਹਨ ਅਤੇ ਉਨ੍ਹਾਂ ਦੀ ਲੋੜ ਹੈ। ਸਰੀਰਕ ਦੇਹ ਤਦੇ ਬੇਹਤਰ ਕੰਮ ਕਰ ਸਕਦੀ ਹੈ ਜਦ ਸਿਰ ਦੀ ਹਦਾਇਤ ਦੇ ਵਿਚ ਰਹਿ ਕੇ ਹਰ ਅੰਗ ਕੰਮ ਕਰੇ, ਉਵੇਂ ਹੀ ਕਲੀਸੀਆ ਸਹੀ ਤਰ੍ਹਾਂ ਨਾਲ ਤਦੇ ਕੰਮ ਕਰਦੀ ਹੈ ਜਦ ਮਸੀਹ ਵੱਲੋਂ ਦਿੱਤੀ ਗਈ ਸਿੱਖਿਆ ਦੇ ਮੁਤਾਬਿਕ ਹਰ ਮੈਂਬਰ ਆਪੋ ਆਪਣੇ ਤੋੜਿਆਂ ਦੀ ਵਰਤੋਂ ਕਰੇ। ਸਰੀਰਕ ਦੇਹ ਸਰੀਰ ਦੇ ਅਧੀਨ ਇਕ ਹੁੰਦੀ ਹੈ ਅਤੇ ਕਲੀਸੀਆ ਨੂੰ ਬਿਨਾਂ ਫੁੱਟ ਦੇ ਮਸੀਹ ਦੇ ਅਧੀਨ ਹੋਣਾ ਚਾਹੀਦਾ ਹੈ। ਜੇ ਸਰੀਰਕ ਦੇਹ ਦੇ ਕਿਸੇ ਅੰਗ ਨੂੰ ਤਕਲੀਫ਼ ਹੁੰਦੀ ਹੈ ਤਾਂ ਪੂਰੀ ਦੇਹ ਦੁਖੀ ਹੁੰਦੀ ਹੈ। ਇਹੀ ਗੱਲ ਕਲੀਸੀਆ ਤੇ ਵੀ ਲਾਗੂ ਹੁੰਦੀ ਹੈ। ਮਸੀਹ ਦੀ ਦੇਹ ਦੇ ਅੰਗਾਂ ਨੂੰ ਦੁੱਖ ਦਰਦ ਅਤੇ ਖੁਸ਼ੀ ਦੂਜੇ ਮੈਂਬਰਾਂ ਨਾਲ ਵੰਡਣੀ ਚਾਹੀਦੀ ਹੈ।

ਕੁਝ ਦੇਰ ਲਈ ਇਸ ਸੰਸਾਰ ਵਿਚ ਮਸੀਹ ਦੀ ਇਕ ਸਰੀਰਕ ਦੇਹ ਸੀ। ਹੁਣ ਭਾਵੇਂ ਉਸ ਦੀ ਸਰੀਰਕ ਦੇਹ ਨਹੀਂ ਹੈ ਪਰ ਸੰਸਾਰ ਵਿਚ ਉਸ ਦੀ ਆਤਮਿਕ ਦੇਹ ਕਲੀਸੀਆ ਹੈ। ਮਸੀਹ ਦੀ ਦੇਹ ਦੇ ਰੂਪ ਵਿਚ ਕਲੀਸੀਆ ਇਕ ਸੰਗਠਨ ਨਾਲੋਂ ਵਧ ਕੇ ਹੈ ਜਿਸ ਉੱਤੇ ਮਸੀਹ ਦਾ ਵੱਸ ਹੈ। ਇਹ ਦੇਹ ਇਕ ਜੀਉਂਦਾ ਪ੍ਰਾਣੀ ਹੈ ਜਿਸ ਨੂੰ ਜੀਉਣ ਇਸ ਦੇ ਜ਼ਿੰਦਾ ਸਿਰ ਤੋਂ ਮਿਲਦਾ ਹੈ, ਉਸ ਦੀ ਸਮਰੱਥਾ ਦੇ ਰਾਹੀਂ ਇਹ ਬਣੀ ਰਹਿੰਦੀ ਹੈ ਅਤੇ ਉਹ ਉਹ ਜ਼ਰੀਆ ਹੈ ਜਿਸ ਦੇ ਰਾਹੀਂ ਉਹ ਕੰਮ ਕਰਦਾ ਹੈ।

ਕਲੀਸੀਆ ਨੂੰ ''ਉਸ ਦੀ ਭਰਪੂਰੀ ਜਿਹੜਾ ਸਭਨਾਂ ਵਿਚ ਸਭੋ ਕੁਝ ਭਰਦਾ ਹੈ'' ਵੀ ਕਿਹਾ ਗਿਆ ਹੈ। ਜਿਵੇਂ ਕਲੀਸੀਆ ਮਸੀਹ ਦੀ ਦੇਹ ਹੈ ਉਵੇਂ ਹੀ ਇਸ ਨੂੰ ਮਸੀਹ ਦੀ ਭਰਪੂਰੀ ਦੇ ਰੂਪ ਵਿਚ ਵਿਖਾਇਆ ਗਿਆ ਹੈ। ਵਿਆਖਿਆ ਕਰਨ ਵਾਲੇ ਇਸ ਤੇ ਸਹਿਮਤ ਨਹੀਂ ਹਨ ਕਿ **ਉਸ ਦੀ ਭਰਪੂਰੀ** ਤੋਂ ਕੀ ਭਾਵ ਹੈ। ''ਭਰਪੂਰੀ'' ਦਾ ਅਨੁਵਾਦ ਯੂਨਾਨੀ ਸ਼ਬਦ *plērōma* ਤੋਂ ਕੀਤਾ ਗਿਆ ਹੈ ਜਿਸ ਦਾ ਅਰਥ ਹੈ ''ਉਹ ਜਿਸ ਨਾਲ ਕੋਈ ਵੀ ਚੀਜ਼ ਭਰੀ ਹੈ ਜਾਂ ਇਹ ਭਰਿਆ ਹੈ''[20]; ਪਰ ਇੱਥੇ ਇਹ ਸ਼ਬਦ ਜੋ ਵਿਖਾਉਂਦਾ ਹੈ, ਉਸ ਨੂੰ ਸਹੀ ਸਹੀ ਦੱਸ ਸਕਣਾ ਮੁਸ਼ਕਿਲ ਹੈ। ਕੁਝ ਵਿਆਖਿਆ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਵਿਚਾਰ ਇਹ ਹੈ ਕਿ ਮਸੀਹ ਕਲੀਸੀਆ ਨੂੰ ਭਰਪੂਰ ਕਰਦਾ ਹੈ, ਜੋ ਕਿ ਸਹੀ ਹੈ; ਪਰ ਇਸ ਆਇਤ ਵਿਚ ''ਦੇਹ'' ਅਤੇ ''ਭਰਪੂਰੀ'' ਦੋਵੇਂ ਹੀ ਕਲੀਸੀਆ ਵਾਸਤੇ ਲਗਦੇ ਹਨ।

ਤਾਂ ਫਿਰ ਕਲੀਸੀਆ ਕਿਸ ਅਰਥ ਵਿਚ ਮਸੀਹ ਦੀ ''ਭਰਪੂਰੀ'' ਹੈ? ਪੌਲੁਸ ਨੇ ਅਫ਼ਸੀਆਂ 1:10, 23; 3:19; 4:13 ਦੇ ਨਾਲ ਨਾਲ ਗਲਾਤੀਆਂ 4:4 ਅਤੇ ਕੁਲੁੱਸੀਆਂ 1:19; 2:9, ਵਿਚ ਇਸ ਸ਼ਬਦ ਦੀ ਵਰਤੋਂ ਕੀਤੀ ਹੈ। ਗਲਾਤੀਆਂ 4:4 ਵਿਚ ''ਪੂਰਾ ਹੋਇਆ'' ਦਾ ਅਰਥ ''ਜਦ ਸਮਾਂ ਪੂਰਾ ਹੋਇਆ'' ਲਗਦਾ ਹੈ। ਅਫ਼ਸੀਆਂ 1:10 ਵਿਚ ਇਹੀ ਅਰਥ ਲਗਦਾ ਹੈ ਜਿੱਥੇ ਪੌਲੁਸ ਨੇ ''ਸਮਿਆਂ ਦੀ ਪੂਰਣਤਾਈ'' ਦੀ ਗੱਲ ਕੀਤੀ। 3:19 ਵਿਚ ਪੌਲੁਸ ਨੇ ''ਪਰਮੇਸ਼ੁਰ ਦੀ ਭਰਪੂਰੀ'' ਜਾਂ ਜੋ ਕੁਝ ਪਰਮੇਸ਼ੁਰ ਹੈ ਉਸ ਨਾਲ ਭਰਨ ਦੀ ਗੱਲ ਕੀਤੀ। ਅਫ਼ਸੀਆਂ 4:13 ਕਹਿੰਦਾ ਹੈ ਕਿ ਆਪਣੀ ਪਰਿਪੱਕਤਾ ਵਿਚ ਕਲੀਸੀਆ ਦਾ ''ਮਸੀਹ ਦੀ ਪੂਰੀ ਡੀਲ ਦੇ ਅੰਦਾਜ਼ੇ'' ਵਿਚ ਵਧਣਾ ਜ਼ਰੂਰੀ ਹੈ। ਕੁਲੁੱਸੀਆਂ 1:19 ਵਿਚ ਅਸੀਂ ਵੇਖਦੇ ਹਾਂ ਕਿ ਖ਼ੁਦਾਈ ਦੀ ਭਰਪੂਰੀ ਮਸੀਹ ਵਿਚ ਵਾਸ ਕਰਦੀ ਹੈ। ਇਨ੍ਹਾਂ ਸਾਰੇ ਸੰਦਰਭਾਂ ਵਿਚ ''ਭਰਪੂਰੀ'' ਦਾ ਅਰਥ ਗਲਾਸ ਦੇ ਪਾਣੀ ਨਾਲ ਭਰਨ, ਪੂਰੀ ਤਰ੍ਹਾਂ ਨਾਲ ਭਰਨ ਜਾਂ ਇਸ ਤਰ੍ਹਾਂ ਨਾਲ ਭਰਨ ਦੇ ਅਰਥ ਵਿਚ ਹੈ ਜਿਸ ਦਾ ਅਰਥ ਕਿਸੇ ਗੱਲ ਜਾਂ ਕਿਸੇ ਵਿਅਕਤੀ ਦਾ ਪੂਰਕ ਬਣਨਾ ਹੈ। ਇਸ ਕਰਕੇ ਅਸੀਂ ਨਿਚੋੜ ਕੱਢਦੇ ਹਾਂ ਕਿ ਗਿਲਾਸ ਦੇ ਭਰੇ ਹੋਣ ਵਾਂਗ ਕਲੀਸੀਆ ਮਸੀਹ ਦੀ ਭਰਪੂਰੀ ਹੈ। ਕਲੀਸੀਆ ਉਵੇਂ ਹੀ ਮਸੀਹ ਦੀ ਭਰਪੂਰੀ ਹੈ ਜਿਵੇਂ ਸਿਰ ਉਦੋਂ ਪੂਰਾ ਹੁੰਦਾ ਹੈ ਜਦੋਂ ਉਸ ਨਾਲ ਦੇਹ ਲੱਗੀ ਹੋਵੇ। ਮਸੀਹ ਸੰਸਾਰ ਵਿਚ ਕਲੀਸੀਆ

ਨੂੰ ਖ਼ਰੀਦਣ ਲਈ ਆਇਆ। ਕਲੀਸੀਆ ਮਸੀਹ ਦਾ ਪੂਰਕ ਹੈ ਭਾਵ ਉਹ ਬਚਾਉਣ ਵਾਲਾ ਹੈ ਅਤੇ ਕਲੀਸੀਆ ਬਚਾਈ ਹੋਈ ਹੈ।

ਪੌਲੁਸ ਨੇ ਆਪਣੀ ਦੁਆ ਦੇ ਇਸ ਭਾਗ ਨੂੰ ਇਹ ਕਹਿੰਦੀਆਂ ਖ਼ਤਮ ਕੀਤਾ ਕਿ **ਸਭਨਾਂ ਵਿਚ ਸੱਭੋ ਕੁੱਝ ਭਰਦਾ ਹੈ।** ਮਸੀਹ ਸੰਸਾਰ ਨੂੰ ਭਰਪੂਰ ਕਰਦਾ ਹੈ ਅਤੇ ਉਹ ਕਲੀਸੀਆ ਨੂੰ ਭਰਪੂਰ ਕਰਦਾ ਹੈ। ਸਰਵਸ਼ਕਤੀਮਾਨ ਪ੍ਰਭੂ ਦੇ ਰੂਪ ਵਿਚ ਖ਼ੁਦਾ ਵੱਲੋਂ ਮਸੀਹ ਨੂੰ ਉਹ ਸਭ ਬਣਨ ਦੀ ਸ਼ਕਤੀ ਦਿੱਤੀ ਗਈ ਹੈ ਜੋ ਉਹ ਹੈ। ਪੌਲੁਸ ਦੀ ਦੁਆ ਸੀ ਕਿ ਅਫ਼ਸੀਆਂ ਨੂੰ ਹੋਰ ਚੰਗੀ ਤਰ੍ਹਾਂ ਪਤਾ ਲੱਗ ਜਾਵੇ ਕਿ ਉਹਦੇ ਸੱਦੇ ਤੋਂ ਕੀ ਆਸ ਹੁੰਦੀ ਹੈ, ''ਉਹ ਦੇ ਤੇਜਵਾਨ ਅਧਕਾਰ ਦਾ ਢੰਗ ਕੀ ਹੈ,'' ਅਤੇ ''ਉਹ ਦੀ ਸਮਰੱਥਾ ਦਾ ਅਤਿਅੰਤ ਵੱਡਾਪਣ'' ਕੀ ਹੈ। ਖ਼ੁਦਾ ਦੀ ਇਹ ਵੱਡੀ ਸਮਰੱਥਾ ਮਸੀਹ ਵਿਚ ਉਦੋਂ ਲਿਆਂਦੀ ਗਈ ਸੀ ਜਦ ਉਸ ਨੇ ਉਸ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕੀਤਾ, ਉਸ ਨੂੰ ਆਪਣੇ ਸੱਜੇ ਹੱਥ ਉੱਚਾ ਕੀਤਾ ਅਤੇ ਹਰ ਚੀਜ਼ ਤੇ ਸਿਰ ਬਣਾ ਕੇ ਕਲੀਸੀਆ ਨੂੰ ਦੇ ਦਿੱਤਾ।

## ਪ੍ਰਾਸੰਗਿਕਤਾ

**ਆਪਣੀ ਸਥਿਤੀ ਨੂੰ ਜਾਣਨਾ** (1: 15-23)

ਮੇਰਾ ਬੇਟਾ ਜਦੋਂ ਸੌਕਰ ਖੇਡਦਾ ਹੁੰਦਾ ਸੀ ਤਾਂ ਕੋਚ ਦਾ ਸਭ ਤੋਂ ਵੱਡਾ ਕੰਮ ਹਰ ਖਿਡਾਰੀ ਨੂੰ ਇਹ ਦੱਸਣਾ ਹੁੰਦਾ ਸੀ ਕਿ ਟੀਮ ਵਿਚ ਆਪਣੀ ਸਹੀ ਸਥਿਤੀ ਤੇ ਰਹਿ ਕੇ ਖੇਡੇ। ਖੇਡਾਂ ਦੌਰਾਨ ਆਮ ਤੌਰ ਤੇ ਉਹ ਖਿਡਾਰੀਆਂ ਨੂੰ ਪੋਜ਼ੀਸ਼ਨ ਵਿਚ ਰਹਿਣ ਅਤੇ ਕਿਸੇ ਉਲਝਣ ਵਿਚ ਪਏ ਛੋਟੇ ਲੜਕੇ ਤੋਂ ਘਬਰਾਏ ਹੋਏ ਲਗਣ ਨੂੰ ਕਹਿੰਦਾ ਸੀ। ਖਿਲਾੜੀ ਦਾ ਆਪਣੀ ਸਥਿਤੀ ਨੂੰ ਜਾਣਨਾ ਇਸ ਗੱਲ ਨੂੰ ਤਹਿ ਕਰਦਾ ਹੈ ਕਿ ਉਹ ਕਿੰਨੀ ਚੰਗੀ ਤਰ੍ਹਾਂ ਨਾਲ ਖੇਡ ਸਕਦਾ ਹੈ।

ਇਹੀ ਗੱਲ ਰੂਹਾਨੀ ਤੌਰ ਤੇ ਵੀ ਹੈ ਕਿ ਸਾਨੂੰ ਖ਼ੁਦਾ ਅੱਗੇ ਆਪਣੀ ਸਥਿਤੀ ਦਾ ਪਤਾ ਹੋਣਾ ਜ਼ਰੂਰੀ ਹੈ। ਸਾਡਾ ਰੋਜ਼ਮੱਰਾ ਦਾ ਵਿਹਾਰ ਮਸੀਹ ਵਿਚ ਸਾਡੀ ਸਥਿਤੀ ਨੂੰ ਸਾਡੀ ਸਮਝ ਤੋਂ ਕਦੇ ਵੱਧ ਨਹੀਂ ਹੋਵੇਗਾ।

ਅਫ਼ਸੀਆਂ 1—3 ਵਿਚ ਪੌਲੁਸ ਨੇ ਮਸੀਹੀ ਆਦਮੀ ਦੀ ਸਥਿਤੀ ਦੱਸੀ। ਅਧਿਆਇ 4 ਤੋਂ 6 ਵਿਚ ਉਸ ਨੇ ਸਾਨੂੰ ਆਪਣੇ ਵਿਵਹਾਰ ਬਾਰੇ ਦੱਸਿਆ ਕਿ ਅਸੀਂ ਆਪਣੀ ਸਥਿਤੀ ਵਿਚ ਰੋਜ਼ ਕਿਵੇਂ ਕੰਮ ਕਰੀਏ। ਪੌਲੁਸ ਨੇ ਕਿਹਾ ਕਿ ਸਾਨੂੰ ਮਸੀਹ ਵਿਚ ਚੁਣਿਆ ਗਿਆ, ਛੁਡਾਇਆ ਗਿਆ ਅਤੇ ਇਕ ਮੀਰਾਸ ਦਾ ਯਕੀਨ ਦੁਆਇਆ ਗਿਆ ਹੈ (1: 1—14)। ਫਿਰ ਅਸੀਂ ਅਫ਼ਸੀਆਂ ਲਈ ਉਸ ਦੀ ਦੁਆ ਵੇਖਦੇ ਹਾਂ।

ਪੌਲੁਸ ਨੇ ਇਹ ਦੁਆ ਨਹੀਂ ਕੀਤੀ ਕਿ ਇਹ ਭਾਈ ਇਹ ਜਾਂ ਉਸ ਕੰਮ ਕਰਨ। ਇਸਦੇ ਉਲਟ ਉਸ ਨੇ ਉਨ੍ਹਾਂ ਦੀ ਸਮਝ ਲਈ ਦੁਆ ਕੀਤੀ (1: 17)।

ਧਿਆਨ ਦਿਓ ਕਿ ਪੌਲੁਸ ਨੇ ਸਿਰਫ਼ ਮਸੀਹੀ ਲੋਕਾਂ ਦੇ ਮਨਾਂ ਨੂੰ ਸਮਝਾਉਣ ਲਈ ਹੀ ਦੁਆ ਨਹੀਂ ਕੀਤੀ। ਉਸ ਨੇ ਕਿਹਾ, ''ਤੁਹਾਡੇ ਦਿਲ ਦੀਆਂ ਅੱਖਾਂ ਨੂੰ ਚਾਨਣ ਹੋਵੇ...'' (1: 18)। ਬਾਈਬਲ ਵਿਚ ''ਦਿਲ'' ਦਾ ਮਤਲਬ ਸਿਰਫ਼ ਦਿਮਾਗ ਨਾਲੋਂ ਕਿਤੇ ਵਧ ਕੇ ਹੈ। ਇਸ ਦਾ ਅਰਥ ਅੰਦਰੂਨੀ ਇਨਸਾਨ ਭਾਵ ਮਨੁੱਖ ਦੇ ਅੰਦਰ ਦੀ ਥਾਂ ਹੈ। ਅਸੀਂ ਸੋਚ ਸਮਝ ਕੇ, ਸੰਵੇਦਨਸ਼ੀਲ ਢੰਗ ਨਾਲ, ਜਵਾਬ ਦੇਣ ਦੇ ਢੰਗ ਨਾਲ ਅਤੇ ਸਮਝ ਦੇ ਢੰਗ ਨਾਲ ਜੋ ਵੀ ਹਾਂ ਉਸ ਵਿਚ ਉਹ ਸਭ ਇਸ ਵਚਨ ਵਿਚ ਹੈ। ਪੌਲੁਸ ਨੇ ਕੁਝ ਤੱਥਾਂ ਲਈ ਦਿਮਾਗ਼ੀ ਸਮਝ ਤੋਂ ਵਧ ਕੇ ਦੁਆ ਕੀਤੀ। ਉਹ ਸਾਡੀਆਂ ਆਤਮਾਵਾਂ ਨੂੰ ਯਿਸੂ ਦੀ ਮਹਾਨਤਾ ਅਤੇ ਉਸ ਸਥਿਤੀ ਨੂੰ ਜਿਹੜੀ ਉਸ ਨੇ ਸਾਡੇ ਲਈ ਸੁਰੱਖਿਅਤ ਕੀਤੀ ਹੈ, ਗਹਿਰਾਈ ਨਾਲ ਸਾਨੂੰ ਸਮਝਾਉਣਾ ਚਾਹੁੰਦਾ ਸੀ।

1:18–21 ਵਿਚ ਪੌਲੁਸ ਦੀ ਦੁਆ ਦੀਆਂ ਤਿੰਨ ਧਾਰਣਾਵਾਂ ਨਾਲ ਯਿਸੂ ਬਾਰੇ ਸਾਡੀ ਸਮਝ ਵਿਚ ਵਾਧਾ ਹੋਵੇਗਾ। ਉਨ੍ਹਾਂ ਨੂੰ ਸਮਝਣਾ ਜ਼ਿੰਦਗੀ ਭਰ ਦੀ ਕਮਾਈ ਹੈ। ਜਿੰਨਾ ਗਹਿਰਾਈ ਨਾਲ ਅਸੀਂ ਉਨ੍ਹਾਂ ਸਚਿਆਈਆਂ ਨੂੰ ਸਮਝ ਲਵਾਂਗੇ ਓਨਾਂ ਹੀ ਸਾਨੂੰ ਆਪਣੇ ਆਪ ਨੂੰ, ਖ਼ੁਦਾ ਅੱਗੇ ਆਪਣੀ ਸਥਿਤੀ ਬਾਰੇ ਪੱਕਾ ਯਕੀਨ ਹੋ ਜਾਵੇਗਾ। ਜਿੰਨਾ ਸਾਨੂੰ ਆਪਣੀ ਸਥਿਤੀ ਦੀ ਸਮਝ ਹੋਵੇਗੀ ਉਨੀ ਹੀ ਸੰਜੀਦਗੀ ਨਾਲ ਅਸੀਂ ਮਸੀਹੀ ਲੋਕਾਂ ਦੇ ਰੂਪ ਵਿਚ ਰਹਾਂਗੇ।

*ਉਮੀਦ ਜਿਹੜੀ ਸਾਨੂੰ ਹੈ।* ਪਹਿਲੀ ਸਚਿਆਈ ਜਿਹੜੀ ਪੌਲੁਸ ਮਸੀਹੀ ਲੋਕਾਂ ਨੂੰ ਹੋਰ ਚੰਗੀ ਤਰ੍ਹਾਂ ਨਾਲ ਸਮਝਾਉਣੀ ਚਾਹੁੰਦਾ ਸੀ ਉਹ, ਉਹ ਉਮੀਦ ਹੈ ਜਿਹੜੀ ਸਾਨੂੰ ਯਿਸੂ ਵਿਚ ਹੈ: ''ਕਿ ਤੁਹਾਡੇ ਦਿਲ ਦੀਆਂ ਅੱਖਾਂ ਨੂੰ ਚਾਨਣ ਹੋਵੇ ਤਾਂ ਜੋ ਤੁਸੀਂ ਜਾਣ ਲਵੋ ਭਈ ਉਹ ਦੇ ਸੱਦੇ ਤੋਂ ਕੀ ਆਸ ਹੁੰਦੀ ਹੈ ਅਤੇ ਸੰਤਾਂ ਵਿਚ ਉਹ ਦੇ ਤੇਜਵਾਨ ਅਧਕਾਰ ਦਾ ਧਨ ਕੀ ਹੈ'' (1:18)।

''ਉਸ ਸੱਦੇ ਤੋਂ ਆਸ'' ਤੇ ਛੋਟੇ ਜਿਹੇ ਵਾਕ ਅੰਸ਼ ਵਿਚ ਪੌਲੁਸ ਸਾਨੂੰ ਅਨਾਦਿਕਾਲ ਤੋਂ ਅਨਾਦਿਕਾਲ ਵਿਚ ਲੈ ਗਿਆ। ਸਾਨੂੰ ਬੀਤੇ ਅਨਾਦੀਕਾਲ ਵਿੱਚੋਂ ਸੱਦਿਆ ਗਿਆ ਸੀ ਜਦੋਂ ਖ਼ੁਦਾ ਨੇ ਮਸੀਹ ਵਿਚ ਲੋਕਾਂ ਨੂੰ ਬਚਾਉਣ ਵਾਸਤੇ ਚੁਣਿਆ। ਅਨਾਦੀਕਾਲ ਵਿਚ ਸਾਡੇ ਸੱਦੇ ਜਾਣ ਦੇ ਲਈ ਪੂਰਾ ਹੋਣ ਲਈ ਜੋ ਅਜੇ ਹੋਣ ਵਾਲਾ ਹੈ, ਆਸ ਦਾ ਬੜਾ ਕੰਮ ਹੈ। ਇਹ ਆਸ ਜਿਹੜੀ ਸਾਨੂੰ ਹੈ ਕਿਸੇ ਬੱਚੇ ਦੇ ਗਿਫ਼ਟ ਦੀ ਇੱਛਾ ਕਰਨ ਵਰਗੀ ਨਹੀਂ ਹੈ। ਨਹੀਂ, ਵਿਸ਼ਵਾਸੀਆਂ ਦੇ ਰੂਪ ਵਿਚ ਸਾਡੀ ਆਸ ਇਕ ਠੋਸ ਉਮੀਦ ਭਾਵ ਉਸ ਭਵਿੱਖ ਦਾ ਪੱਕਾ ਯਕੀਨ ਹੈ ਜੋ ਇਸ ਕਰਕੇ ਹੈ ਕਿ ਅਸਾਂ ਉਸ ਵਿਚ ਜੋ ਖ਼ੁਦਾ ਨੇ ਸਾਡੇ ਲਈ ਕੀਤਾ ਹੈ ਪੂਰਾ ਭਰੋਸਾ ਰੱਖਿਆ ਹੈ। ਪੌਲੁਸ ਨੇ ਦੁਆ ਕੀਤੀ ਕਿ ਇਹ ਪੱਕੀ ਉਮੀਦ ਸਾਡੇ ਅੰਦਰੂਨੀ ਜੀਆਂ ਵਿਚ ਬਣੀ ਰਹੇ।

ਸਾਡੇ ਭਰੋਸੇ ਦਾ ਤੱਥ ਉਸ ਵਿਚ ਨਹੀਂ ਹੈ ਜੋ ਅਸਾਂ ਕੀਤਾ ਹੈ। ਅਸੀਂ ਇਸ ਪੱਤਰ ਦਾ ਅਜੇ ਤਕ ਇਕ ਸ਼ਬਦ ਵੀ ਨਹੀਂ ਪੜ੍ਹਿਆ ਹੈ ਕਿ ਸਾਡੇ ਲਈ ਕੀ ਕਰਨਾ ਜ਼ਰੂਰੀ ਹੈ। ਪੌਲੁਸ ਨੇ ਸਿਰਫ਼ ਉਸ ਦਾ ਗੁਣਗਾਨ ਕੀਤਾ ਹੈ ਜੋ ਸਾਨੂੰ ਚੁਣਨ, ਸਾਨੂੰ ਛੁਡਾਉਣ, ਅਤੇ ਸਾਨੂੰ ਮਾਫ਼ ਕਰਨ ਲਈ ਖ਼ੁਦਾ ਨੇ ਕੀਤਾ ਹੈ। ਖ਼ੁਦਾ ਨੇ ਸਾਨੂੰ ਸਾਡੇ ਵਾਅਦੇ ਦੀ ਮੀਰਾਸ ਦੇਣ ਦਾ ਯਕੀਨ ਦੁਆਇਆ ਹੈ। ਫ਼ਿਲਿੱਪੀਆਂ ਦੇ ਨਾਂਅ ਖ਼ੱਤ ਵਿਚ ਪੌਲੁਸ ਨੇ ਲਿਖਿਆ: '' ... ਜਿਹ ਨੇ ਤੁਹਾਡੇ ਵਿਚ ਸ਼ੁੱਭ ਕੰਮ ਦਾ ਮੁੱਢ ਧਰਿਆ ਸੋ ਯਿਸੂ ਮਸੀਹ ਦੇ ਦਿਨ ਤੋੜੀ ਉਹ ਨੂੰ ਪੂਰਿਆਂ ਕਰੇਗਾ'' (ਫ਼ਿਲਿੱਪੀਆਂ 1:6)। ਸਾਡੀ ਆਸ ਖ਼ਾਸ ਤੌਰ ਤੇ ਉਸ ਉੱਤੇ ਹੈ ਜੋ ਖ਼ੁਦਾ ਨੇ ਆਪਣੀ ਵੱਡੀ ਕਿਰਪਾ ਨਾਲ ਸਾਡੇ ਲਈ ਕੀਤਾ ਹੈ।

ਜੇ ਸਾਡਾ ਭਰੋਸਾ ਅਜੇ ਬਣਿਆ ਨਹੀਂ ਹੈ ਤਾਂ ਪੌਲੁਸ ਨੇ ''ਉਸ ਦੇ ਅਧਕਾਰ'' ਦੀ ਮਹਿਮਾ ਦਾ ਧਨ ''ਜੋ ਸਾਡਾ ਹੈ'' ਉਸ ਦੀ ਗੱਲ ਕਰਦਿਆਂ ਆਪਣੀ ਗੱਲ ਨੂੰ ਵਿਸਤਾਰ ਦਿੱਤਾ ਹੈ। ਅਸੀਂ ਖ਼ੁਦਾ ਦੇ ਮਾਸਟਰ ਪਲਾਨ ਵਿਚ ਸ਼ਾਮਿਲ ਹਾਂ। ਅਸੀਂ ਉਸ ਦੇ ਪੁੱਤਰ ਯਿਸੂ ਦੇ ਨਾਲ ਸੰਗੀ ਅਧਿਕਾਰੀ ਹਾਂ (ਰੋਮੀਆਂ 8:17)। ਜੋ ਕੁਝ ਉਸ ਦਾ ਹੈ ਉਹ ਸਾਡਾ ਹੈ!

ਪੌਲੁਸ ਨੇ ਅੱਗੇ ਕਿਹਾ, ''ਮੈਂ ਚਾਹੁੰਦਾ ਹਾਂ ਕਿ ਤੁਸੀਂ ਜਾਣ ਲਵੋ। ... ਮੈਂ ਚਾਹੁੰਦਾ ਹਾਂ ਕਿ ਤੁਸੀਂ ਜਾਣ ਲਵੋ ਭਈ ਉਹ ਦਾ *ਅਧਕਾਰ* ਕੀ ਹੈ। ... ਮੈਂ ਚਾਹੁੰਦਾ ਹਾਂ ਕਿ ਤੁਸੀਂ ਜਾਣ ਲਵੋ ਕਿ ਉਸਦੇ *ਤੇਜਵਾਨ* ਅਧਕਾਰ ਦਾ ਧਨ ਕੀ ਹੈ।'' ਪੌਲੁਸ ਆਪਣੇ ਲੋਕਾਂ ਲਈ ਖ਼ੁਦਾ ਦੀਆਂ ਬਰਕਤਾਂ ਦੀ ਬੇਹੱਦ ਬਹੁਤਾਇਤ ਉੱਤੇ ਐਨਾਂ ਹੀ ਜ਼ੋਰ ਦੇ ਸਕਦਾ ਸੀ। ਬਾਰ ਬਾਰ ਉਸ ਨੇ ਖ਼ੁਦਾ ਦੀ ਰੂਹਾਨੀ ਦੌਲਤ ਦੀ ਮਹਾਨਤਾ ਦੀਆਂ ਗੱਲਾਂ ਯਾਦ ਦੁਆਈਆਂ। ਇਨ੍ਹਾਂ ਵਾਕਅੰਸ਼ਾਂ ਉੱਤੇ ਧਿਆਨ ਦਿਓ: ''...ਉਹ ਦੀ ਕਿਰਪਾ ਦੇ ਧਨ'' (1:7); ''ਪਰੰਤੂ ਪਰਮੇਸ਼ੁਰ ਜਿਹੜਾ ਦਯਾ ਦਾ ਧਨੀ ਹੈ'' (2:4); ''...ਮਸੀਹ ਦੇ ਅਣਲੱਭ ਧਨ ਦੀ ਖੁਸ਼ਖ਼ਬਰੀ'' (3:8); ''ਤੁਸੀਂ ਉਹ ਦੇ ਆਤਮਾ ਦੇ ਰਾਹੀਂ ਅੰਦਰਲੀ ਇਨਸਾਨੀਅਤ ਵਿਚ ਸਮਰੱਥਾ ਨਾਲ ਬਲਵੰਤ ਬਣੋ'' (3:16)।

ਵਿਸ਼ਵਾਸੀ ਆਦਮੀ ਲਈ ਜਿਸ ਨੂੰ ਆਪਣੀ ਸਥਿਤੀ ਅਤੇ ਆਪਣੇ ਰੂਹਾਨੀ ਵਸੀਲਿਆਂ ਦੀ ਸਮਝ

ਹੈ, ਡਰ ਦੀ ਕੋਈ ਥਾਂ ਨਹੀਂ ਹੋ ਸਕਦੀ, ਨਾ ਸ਼ੱਕ ਲਈ ਕੋਈ ਥਾਂ ਹੈ, ਨਾ ਜ਼ਿੰਦਗੀ ਵਿਚ ਫ਼ਿਕਰ ਲਈ ਹੀ ਥਾਂ ਹੈ। ਉਸ ਦਾ ਭਵਿੱਖ ਹਨੇਰੇ ਵਿਚ ਨਹੀਂ ਹੈ ਕਿਉਂ ਜੋ ਖ਼ੁਦਾ ਉਸ ਦੀਆਂ ਸਭ ਲੋੜਾਂ ਪੂਰੀਆਂ ਕਰਨ ਦੇ ਕਾਬਲ ਹੈ। ਵਿਸ਼ਵਾਸੀ ਆਦਮੀ ਇਹ ਜਾਣਦੇ ਹੋਏ ਕਿ ਉਹ ਦੇ ਲਈ ਭਵਿੱਖ ਵਿਚ ਕੀ ਹੈ, ਅੱਜ ਰੂਹਾਨੀ ਫ਼ਤਹਿ ਵਿਚ ਚੱਲ ਸਕਦਾ ਹੈ।

ਅਖ਼ਬਾਰ ਦੇ ਮਰਹੂਮ ਪ੍ਰਕਾਸ਼ਕ ਵਿਲੀਅਮ ਰੈਂਡੌਲਫ਼ ਹਰਸਟ ਨੇ ਦੁਨੀਆਂ ਭਰ ਦੇ ਸਲਾਹ ਦੇ ਭੰਡਾਰਾਂ ਨੂੰ ਇਕੱਠਾ ਕਰਦਿਆਂ ਕਿਸਮਤ ਵਿਚ ਨਿਵੇਸ਼ ਕੀਤਾ। ਇਕ ਦਿਨ ਹਰਸ਼ਟ ਨੂੰ ਕਲਾ ਦੇ ਇਕ ਕੀਮਤੀ ਨਮੂਨੇ ਦੀ ਗੱਲ ਪਤਾ ਲੱਗੀ ਜਿਸ ਨੂੰ ਉਹ ਨੂੰ ਪਾਉਣ ਦੀ ਬੜੀ ਲਲਕ ਹੋਈ, ਪਰ ਉਸ ਨੇ ਇਹ ਨੂੰ ਲੱਭਣ ਲਈ ਆਪਣਾ ਬੰਦਾ ਵਿਦੇਸ਼ ਵਿਚ ਭੇਜ ਦਿੱਤਾ। ਕਈ ਮਹੀਨਿਆਂ ਦੀ ਖੋਜ਼ ਦੇ ਬਾਅਦ ਉਸ ਆਦਮੀ ਨੇ ਖ਼ਬਰ ਦਿੱਤੀ ਕਿ ਉਸ ਨੂੰ ਉਹ ਖ਼ਜ਼ਾਨਾ ਮਿਲ ਗਿਆ ਹੈ। ਇਹ ਖ਼ਜ਼ਾਨਾ ਜਨਾਬ ਹਰਸਟ ਦੇ ਆਪਣੇ ਹੀ ਗੁਦਾਮ ਵਿਚ ਸੀ। ਹਰਸਟ ਉਸ ਖ਼ਜ਼ਾਨੇ ਦੀ ਖੋਜ ਪਾਗਲਾਂ ਵਾਂਗ ਕਰ ਰਿਹਾ ਸੀ ਜਿਹੜਾ ਉਸ ਕੋਲ ਪਹਿਲਾਂ ਤੋਂ ਹੀ ਸੀ। ਪਰ ਉਸਦਾ ਅਨੰਦ ਉਹ ਨਹੀਂ ਲੈ ਪਾ ਰਿਹਾ ਸੀ।

ਸਾਨੂੰ ਇਸ ਤਰ੍ਹਾਂ ਨਹੀਂ ਰਹਿਣਾ ਚਾਹੀਦਾ। ਸਾਨੂੰ ਜ਼ਿੰਦਗੀ ਭਰ ਭੀਖ ਮੰਗਦੇ ਹੋਏ ਖ਼ੁਦਾ ਤੋਂ ਉਸ ਚੀਜ਼ ਦੀ ਮੰਗ ਨਹੀਂ ਕਰਨੀ ਚਾਹੀਦੀ ਜਿਹੜੀਆਂ ਉਸ ਨੇ ਸਾਨੂੰ ਪਹਿਲਾਂ ਤੋਂ ਦੇ ਦਿੱਤੀਆਂ ਹਨ। ਸਾਨੂੰ ਪੂਰੀ ਮਾਫ਼ੀ ਪਹਿਲਾਂ ਤੋਂ ਹੀ ਮਿਲ ਚੁੱਕੀ ਹੈ। ਸਾਨੂੰ ਹਮੇਸ਼ਾ ਦੀ ਜ਼ਿੰਦਗੀ ਮਿਲੀ ਹੈ। ਸਾਡੀ ਪਹੁੰਚ ਖ਼ੁਦਾ ਦੀ ਦੌਲਤ ਤਕ ਹੈ। ਪੌਲੁਸ ਨੇ ਦੁਆ ਕੀਤੀ ਕਿ ਸਾਡਾ ਸਾਰਾ ਦਿਨ ਉਸ ਗੱਲ ਲਈ ਜਿਹੜੀ ਮਸੀਹ ਯਿਸੂ ਵਿਚ ਸਾਨੂੰ ਮਿਲੀ ਹੈ, ਪੂਰੀ ਉਮੀਦ ਨਾਲ ਲੰਘੇ।

ਊਰਜਾ ਜਿਹੜੀ ਸਾਨੂੰ ਮਿਲੀ ਹੈ। ਪੌਲੁਸ ਨੇ ਸਾਨੂੰ ਕਿਹਾ, ''ਕਿ ਤੁਹਾਡੇ ਦਿਲ ਦੀਆਂ ਅੱਖਾਂ ਨੂੰ ਚਾਨਣ ਹੋਵੇ ਤਾਂ ਜੋ ਤੁਸੀਂ ਜਾਣ ਲਵੋ ਭਈ ... ਅਸਾਂ ਨਿਹਚਾਵਾਨਾਂ ਵੱਲ ਉਹ ਦੀ ਸਮਰੱਥਾ ਦਾ ਅਤਿਅੰਤ ਵੱਡਾਪਣ ਉਹ ਦੀ ਵੱਡੀ ਸ਼ਕਤੀ ਦੇ ਅਮਲ ਅਨੁਸਾਰ ਕੀ ਹੈ'' (1:18, 19)।

ਇਹ ਖ਼ੁਦਾ ਦੀ ਉਹ ਸਮਰੱਥਾ ਨਹੀਂ ਹੈ ਜਿਹੜੀ ਦੁਨੀਆ ਵਿਚ ਬਾਹਰ ਕਿਤੇ ਕੰਮ ਕਰ ਰਹੀ ਹੈ। ਨਹੀਂ, ਪੌਲੁਸ ਨੇ ਤਾਂ ਮਸੀਹੀ ਲੋਕਾਂ ਲਈ ਖ਼ੁਦਾ ਦੀ ਉਸ ਸਮਰੱਥਾ ਨੂੰ ਪਾਉਣ ਲਈ ਦੁਆ ਕੀਤੀ ਜਿਹੜੀ ਸਾਡੇ ਅੰਦਰ ਕੰਮ ਕਰਦੀ ਹੈ।

ਧਿਆਨ ਦਿਓ ਕਿ ਖ਼ੁਦਾ ਸਾਡੀਆਂ ਜ਼ਿੰਦਗੀਆਂ ਵਿਚ ਕਿਸ ਤਰ੍ਹਾਂ ਦੀ ਸਮਰੱਥਾ ਦੇਣਾ ਚਾਹੁੰਦਾ ਹੈ: ''ਉਹ ਦੀ ਵੱਡੀ ਸ਼ਕਤੀ ਦੇ ਅਮਲ ਅਨੁਸਾਰ ਕੀ ਹੈ। ... ਜਿਹੜਾ ਉਹ ਨੇ ਮਸੀਹ ਵਿਚ ਕੀਤਾ ਜਦ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ... '' (1:19, 20)। ਪੌਲੁਸ ਨੇ ਮਸੀਹੀ ਲੋਕਾਂ ਦੇ ਰੂਪ ਵਿਚ ਸਾਨੂੰ ਮਿਲੀ ਸਮਰੱਥਾ ਦਾ ਵਰਣਨ ਕਰਨ ਲਈ ਸਭ ਸੰਭਾਵਿਤ ਸ਼ਬਦਾਂ ਨੂੰ ਇਕੱਠਿਆ ਕਰ ਦਿੱਤਾ। ਪਹਿਲਾਂ ਉਸ ਨੇ *dunamis* ਬੋਲਿਆ ਜੋ ਕਿ ''ਡਾਇਨਮੋ'' ਅਤੇ ''ਡਾਇਨਾਮਾਈਟ'' ਲਈ ਸਾਡੇ ਸ਼ਬਦ ਦਾ ਅਧਾਰ ਹੈ। ਇਹ ਭਰੋਸੇਯੋਗ ਸਮਰੱਥਾ ਦੀ ਗੱਲ ਹੈ!

ਫਿਰ ਪੌਲੁਸ ਨੇ ਕਿਹਾ ਕਿ ਇਹ ਸਮਰੱਥਾ ਖ਼ੁਦਾ ਦੇ ''ਅਮਲ'' ਕਰਨ ਦੇ ਸਬੰਧ ਵਿਚ ਹੈ ਅਤੇ ਇਹ ਸ਼ਬਦ ਯੂਨਾਨੀ ਭਾਸ਼ਾ ਦੇ *energeia* ਤੋਂ ਲਿਆ ਗਿਆ ਹੈ ਜਿਸ ਤੋਂ ਸਾਨੂੰ ਊਰਜਾ ਲਈ ਅੰਗ੍ਰੇਜ਼ੀ ਸ਼ਬਦ ''energy'' ਮਿਲਿਆ ਹੈ। ਸਾਨੂੰ ਖ਼ੁਦਾਈ ਸਮਰੱਥਾ ਨਾਲ ਊਰਜਾਵਾਨ ਕੀਤਾ ਗਿਆ ਹੈ। ਸਾਨੂੰ ਆਪਣੀਆਂ ਮਸੀਹੀ ਜ਼ਿੰਦਗੀ ਵਿਚ ਫ਼ਤਹਿ ਲਈ ਰੂਹਾਨੀ ਤੌਰ ਤੇ ਬੇਹੱਦ ਊਰਜਾ ਨਾਲ ਭਰਿਆ ਗਿਆ ਹੈ!

ਫਿਰ ਪੌਲੁਸ ਨੇ ਮਸੀਹੀ ਲੋਕਾਂ ਨੂੰ ਦੱਸਿਆ ਕਿ ਉਨ੍ਹਾਂ ਨੂੰ ਨਿਰੀ ਸਮਰੱਥਾ ਨਾਲ ਹੀ ਨਹੀਂ ਬਲਕਿ *ਸ਼ਕਤੀਸ਼ਾਲੀ* ਸਮਰੱਥਾ ਨਾਲ ਊਰਜਾਵਾਨ ਕੀਤਾ ਗਿਆ ਸੀ। ਸਾਨੂੰ ਊਰਜਾਵਾਨ, ਸਰਗਰਮ, ਸ਼ਕਤੀਸ਼ਾਲੀ ਸਮਰੱਥਾ ਨਾਲ ਖ਼ੁਦਾ ਵੱਲੋਂ ਭਰਪੂਰ ਕੀਤਾ ਗਿਆ ਹੈ।

ਇਸ ਸਮਰੱਥਾ ਦੇ ਸਹੀ ਸਹੀ ਸੁਭਾਅ ਬਾਰੇ ਜੋ ਖ਼ੁਦਾ ਦੀ ਸੰਤਾਨ ਦੇ ਰੂਪ ਵਿਚ ਰਹਿਣ ਵਿਚ

ਮਦਦ ਲਈ ਸਾਨੂੰ ਮਿਲੀ ਹੈ, ਕਿਸੇ ਵੀ ਤਰ੍ਹਾਂ ਦੇ ਸ਼ੱਕ ਨੂੰ ਕੱਢਣ ਲਈ ਪੌਲੁਸ ਨੇ ਸਾਡੇ ਲਈ ਤਿੰਨ ਉਦਾਹਰਣਾ ਦਿੱਤੀਆਂ ਹਨ। ਉਸ ਨੇ ਕਿਹਾ ਕਿ ਇਹ ਉਹ ਸਮਰੱਥਾ ਹੈ ਜਿਸ ਨੇ ਯਿਸੂ ਨੂੰ ਮੁਰਦਿਆਂ ਵਿੱਚੋਂ ਜੀਵਾ ਦਿੱਤਾ, ਉਹੀ ਸਮਰੱਥਾ ਜਿਸ ਨੇ ਉੱਥੇ ਜ਼ਿੰਦਗੀ ਦਿੱਤੀ ਜਿੱਥੇ ਮੌਤ ਸੀ, ਜਿਸ ਨੇ ਉੱਥੇ ਸਮਰੱਥਾ ਦਿੱਤੀ ਜਿੱਥੇ ਕਮਜ਼ੋਰੀ ਸੀ। ਜਿਸ ਨੇ ਉੱਥੇ ਫ਼ਤਹਿ ਦਿੱਤੀ ਜਿੱਥੇ ਸਾਫ਼ ਹਾਰ ਸੀ। ਜਿਸ ਨੇ ਉੱਥੇ ਅਨੰਦ ਦਿੱਤਾ ਜਿੱਥੇ ਨਿਰਾਸ਼ਾ ਸੀ। ਖ਼ੁਦਾ ਦੀ ਸਮਰੱਥਾ ਜਿਸ ਨੇ ਹਾਲਾਤ ਉੱਤੇ ਕਾਬੂ ਪਾਇਆ ਅਤੇ ਜ਼ਿੰਦਗੀਆਂ ਨੂੰ ਬਦਲ ਦਿੱਤਾ, ਉਹੀ ਸਮਰੱਥਾ ਸਾਨੂੰ ਮਿਲੀ ਹੈ! ਇਸ ਵਿਚ ਕੋਈ ਹੈਰਾਨੀ ਨਹੀਂ ਹੈ ਕਿ ਪੌਲੁਸ ਨੇ ਆਖਿਆ:

> ... ਮੈਂ ... ਉਹ ਦੇ ਜੀ ਉੱਠਣ ਦੀ ਸ਼ਕਤੀ ਨੂੰ ਜਾਣ ਲਵਾਂ ... (ਫ਼ਿਲਿੱਪੀਆਂ 3:10)।

> ਉਹ ਦੇ ਵਿਚ ਜੋ ਮੈਨੂੰ ਬਲ ਦਿੰਦਾ ਹੈ ਮੈਂ ਸਭੋ ਕੁਝ ਕਰ ਸਕਦਾ ਹਾਂ (ਫ਼ਿਲਿੱਪੀਆਂ 4:13)।

> ਹੁਣ ਉਹ ਦੀ ਜਿਹੜਾ ਅਜਿਹਾ ਸਮਰਥ ਹੈ ਕਿ ਜੋ ਕੁਝ ਅਸੀਂ ਮੰਗਦੇ ਯਾ ਸੋਚਦੇ ਹਾਂ ਉਸ ਨਾਲੋਂ ਅੱਤ ਵਧੀਕ ਕਰ ਸਕਦਾ ਹੈ ਉਸ ਸਮਰੱਥਾ ਦੇ ਅਨੁਸਾਰ ਜੋ ਸਾਡੇ ਵਿਚ ਪੋਹੰਦੀ ਹੈ। ਕਲੀਸੀਆ ਵਿਚ ਅਤੇ ਮਸੀਹ ਯਿਸੂ ਵਿਚ ਸਾਰੀਆਂ ਪੀੜ੍ਹੀਆਂ ਤੀਕਰ ਜੁੱਗੋ ਜੁੱਗ ਉਸ ਦੀ ਵਡਿਆਈ ਹੋਵੇ। ਆਮੀਨ (ਅਫ਼ਸੀਆਂ 3:20, 21)।

ਉਹ ਖ਼ੁਦਾਈ ਊਰਜਾ ਸਾਡੀ ਰੋਜ਼ਮੱਰਾ ਦੀ ਜ਼ਿੰਦਗੀ ਲਈ ਦਿੱਤੀ ਗਈ ਹੈ। ਪੌਲੁਸ ਦੀ ਦੁਆ ਸੀ ਕਿ ਅਸੀਂ ਇਸ ਨੂੰ ਸਮਝ ਕੇ ਇਸ ਦੀ ਵਰਤੋਂ ਕਰ ਸਕੀਏ।

*ਉਸ ਨੂੰ ਉੱਚਾ ਕਰਨਾ ਜਿਸ ਦੀ ਅਸੀਂ ਸੇਵਾ ਕਰਦੇ ਹਾਂ।* ਸਾਨੂੰ ਕਿਸ ਨੇ ਬਚਾਇਆ ਹੈ। ਸਾਡੇ ਲਈ ਇਹ ਸਭ ਕੌਣ ਕਰਦਾ ਹੈ? ਇਹ ਬਹੁਤ ਹੀ ਲਾਜ਼ਮੀ ਹੈ ਕਿ ਅਸੀਂ ਉਸ ਨੂੰ ਸਮਝੀਏ। ਅਸੀਂ ਉਹ ਦੇ ਲਈ ਉਦੋਂ ਤਕ ਨਹੀਂ ਜੀ ਸਕਦੇ ਜਦ ਤਕ ਅਸੀਂ ਇਹ ਨਾ ਸਮਝਣ ਲਈਏ ਕਿ ਸਾਡੀ ਸਾਰੀ ਵਡਿਆਈ ਵਿਚ ਕੌਣ ਹੈ।

> ਜਿਹੜਾ ਉਹ ਨੇ ਮਸੀਹ ਵਿਚ ਕੀਤਾ ਜਦ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਅਤੇ ਸੁਰਗੀ ਥਾਵਾਂ ਵਿਚ ਆਪਣੇ ਸੱਜੇ ਹੱਥ ਬਹਾਲਿਆ। ਉਹ ਹਰੇਕ ਹਕੂਮਤ, ਇਖ਼ਤਿਆਰ, ਕੁਦਰਤ, ਰਿਆਸਤ, ਅਤੇ ਹਰੇਕ ਨਾਉਂ ਦੇ ਉਤਾਹਾਂ ਹੈ ਜੋ ਨਾ ਕੇਵਲ ਇਸ ਜੁੱਗ ਵਿਚ ਸਗੋਂ ਆਉਣ ਵਾਲੇ ਜੁੱਗ ਵਿਚ ਭੀ ਲਈਦਾ ਹੈ (ਅਫ਼ਸੀਆਂ 1:20, 21)।

ਇਸ ਸੰਸਾਰ ਦੀ ਕੋਈ ਚੀਜ਼ ਯਿਸੂ ਤੋਂ ਉੱਪਰ ਨਹੀਂ ਹੈ। ਕੋਈ ਵੀ ਜਿਹੜਾ ਹੁਣ ਤਕ ਸੰਸਾਰ ਵਿਚ ਹੋਇਆ ਹੈ ਜਾਂ ਅੱਗੇ ਕਦੇ ਹੋਵੇਗਾ, ਯਿਸੂ ਤੋਂ ਉੱਪਰ ਨਹੀਂ ਹੈ। ਉਹ ਸਿਰਫ਼ ਹਕੂਮਤ ਅਤੇ ਇਖ਼ਤਿਆਰ, ਕੁਦਰਤ ਅਤੇ ਰਿਆਸਤ ਤੋਂ ਵੀ ਉੱਪਰ ਨਹੀਂ ਹੈ। ਉਹ ਸਭ ਤੋਂ ''ਕਿਤੇ'' ਉੱਪਰ ਹੈ। ਪੌਲੁਸ ਨੇ ਐਲਾਨ ਕੀਤਾ:

> ਇਸ ਕਾਰਨ ਪਰਮੇਸ਼ੁਰ ਨੇ ਵੀ ਉਸ ਨੂੰ ਅੱਤ ਉੱਚਿਆਂ ਕੀਤਾ ਅਤੇ ਉਸ ਨੂੰ ਉਹ ਨਾਮ ਦਿੱਤਾ ਜਿਹੜਾ ਸਭਨਾਂ ਨਾਮਾਂ ਤੋਂ ਉੱਤਮ ਹੈ। ਭਈ ਯਿਸੂ ਦਾ ਨਾਮ ਲੈ ਕੇ ਅਕਾਸ਼ ਉਤਲਿਆਂ ਅਤੇ ਧਰਮੀ ਉਤਲਿਆਂ ਅਤੇ ਧਰਤੀ ਦੇ ਹੇਠਲਿਆਂ ਵਿੱਚੋਂ ਹਰ ਗੋਡਾ ਨਿਵਾਇਆ ਜਾਵੇ। ਅਤੇ ਹਰ ਜ਼ਬਾਨ ਪਰਮੇਸ਼ੁਰ ਪਿਤਾ ਦੀ ਵਡਿਆਈ ਲਈ ਮੰਨ ਲਵੇ ਜੋ ਯਿਸੂ ਮਸੀਹ ਪ੍ਰਭੂ ਹੈ! (ਫ਼ਿਲਿੱਪੀਆਂ 2:9–11)।

ਕੋਈ ਸ਼ਕਤੀ, ਇਖ਼ਤਿਆਰ, ਹਕੂਮਤ ਜਾਂ ਰਿਆਸਤ ਅਜਿਹੀ ਨਹੀਂ ਹੈ ਜਿਸ ਤੋਂ ਯਿਸੂ ''ਉੱਪਰ'' ਨਾ ਹੋਵੇ। ਅਫ਼ਸੀਆਂ 1 ਵਿਚ ਘੱਟੋ ਘੱਟ ਚਾਰ ਵਾਰ ਪੌਲੁਸ ਨੇ ਸਾਨੂੰ ਦੱਸਿਆ ਕਿ ਅਸੀਂ ਮਸੀਹ ਵਿਚ ਹਾਂ।

ਜਦ ਅਸੀਂ ਵੇਖਦੇ ਹਾਂ ਕਿ ਉਹ ਜਿਸ ਦੀ ਅਸੀਂ ਸੇਵਾ ਕਰਦੇ ਹਾਂ, ਕਿੰਨਾ ਉੱਚਾ ਕੀਤਾ ਗਿਆ ਹੈ ਅਤੇ ਸਮਝਦੇ ਹਾਂ ਕਿ ਖ਼ੁਦਾ ਨੇ ਸਾਨੂੰ ਉਸ ਵਿਚ ਰੱਖਿਆ ਹੈ ਤਾਂ ਸਾਨੂੰ ਇਕ ਸੁਰੱਖਿਅਤ ਰੂਹਾਨੀ ਤਸਵੀਰ ਮਿਲਦੀ ਹੈ। ਅਸੀਂ ਉਸ ਦੇ ਕਾਰਣ ਜੋ ਕੁਝ ਖ਼ੁਦਾ ਨੇ ਸਾਡੇ ਲਈ ਕੀਤਾ ਹੈ ਬੜੇ ਹੀ ਭਰੋਸੇ ਨਾਲ ਉਸ ਅੱਗੇ ਆਪਣੀ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਚੱਲੀਏ।

*ਸਾਰ।* ਸੁਰਗ ਦੇ ਸਾਰੇ ਵਸੀਲੇ ਵੀ ਸਾਡੇ ਹਨ। ਅਸੀਂ ਇਕ ਕਮਜ਼ੋਰ ਜਿਹੀ ਮਸੀਹੀਅਤ ਤੋਂ ਜਿਹੜੀ ਰੂਹਾਨੀ ਅਸੁਰੱਖਿਆ ਵਿਚ ਵਧੇ, ਮਸੀਹ ਵਿਚ ਆਪਣੇ ਰੁਤਬੇ ਤੋਂ ਅਣਜਾਣ ਹੈ, ਕਦੇ ਸੰਤੁਸ਼ਟ ਨਾ ਹੋਈਏ। ਇਸ ਦੀ ਥਾਂ ਅਸੀ ਖ਼ੁਦਾ ਦੀ ਸੰਤਾਨ ਦੇ ਰੂਪ ਵਿਚ ਲੱਗੀਏ ਜਿਹੜੇ ਉਸ, ਜਲਾਲੀ, ਮੁਬਾਰਕ ਮੀਰਾਸ ਦਾ ਪਹਿਲਾਂ ਤੋਂ ਸੁਆਦ ਚੱਖਣ ਲੱਗੀ ਹੈ ਜੋ ਇਕ ਦਿਨ ਪੂਰੀ ਤਰ੍ਹਾਂ ਨਾਲ ਸਾਡੀ ਹੋਵੇਗੀ।

ਕ੍ਰਿਸ ਬੁਲਰਡ

---

ਟਿੱਪਣੀਆਂ

[1]ਕੈਨਥ ਐਸ. ਵੁਏਸਟ, *ਵੁਏਸਟ'ਜ਼ ਵਰਡ ਸਟੱਡੀਜ਼ ਫ਼ਰਾਮ ਦ ਗ੍ਰੀਕ ਨਿਊ ਟੈਸਟਾਮੈਂਟ ਫ਼ਾਰ ਦ ਇੰਗਲਿਸ਼ ਰੀਡਰ: ਇਫ਼ੀਸ਼ੀਅੰਜ਼ ਐਂਡ ਕੋਲੋਸੀਅੰਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1953), 51. [2]ਉਹੀ। [3]ਉਹੀ। [4]ਸਪਾਇਰਸ ਜ਼ੋਡਿਏਟਸ, ਸੰਪਾ., *ਦ ਕੰਪਲੀਟ ਵਰਡ ਸਟੱਡੀ ਨਿਊ ਟੈਸਟਾਮੈਂਟ,* ਜਿਲਦ ਦੂਜੀ (ਚਟਨੁਗਾ, ਟੈਨਿਸੀ: ਏਐਮਜੀ ਪਬਲੀਸ਼ਰਜ਼, 1992), 918. [5]*ਦ ਐਕਸਪੋਜ਼ਿਟਰ'ਜ਼ ਗ੍ਰੀਕ ਟੈਸਟਾਮੈਂਟ*, ਸੰਪਾ. ਡਬਲਯੂ. ਰੌਬਰਟਸਨ ਨਿਕੋਲ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1967), 3:273 ਵਿਚ ਐਸ. ਡੀ. ਐਫ਼. ਸੈਲਮੰਡ, ''ਦ ਐਪਿਸਟਲ ਟੂ ਦ ਇਫ਼ੀਸ਼ੀਅੰਸ।'' [6]ਵੁਏਸਟ, 52. [7]ਐਂਡ੍ਰਿਊ ਟੀ. ਲਿੰਕਨ, *ਇਫ਼ੀਸ਼ੀਅੰਜ਼,* ਵਰਡ ਬਿਬਲੀਕਲ ਕਮੈਂਟਰੀ, ਜਿਲਦ 42 (ਡਲਾਸ: ਵਰਡ ਬੁਕਸ, 1990), 56. [8]ਵੁਏਸਟ, 175. [9]ਐਥਲਬਰਟ ਡਬਲਯੂ. ਬੁਲਿੰਗਰ, *ਏ ਕ੍ਰਿਟਿਕਲ ਲੈਕਸੀਕਨ ਐਂਡ ਕੰਕੌਰਡੈਂਸ ਟੂ ਦ ਇੰਗਲਿਸ਼ ਐਂਡ ਗ੍ਰੀਕ ਨਿਊ ਟੈਸਟਾਮੈਂਟ* (ਲੰਦਨ: ਸੈਮੁਏਲ ਬੈਗਸਟਰ ਐਂਡ ਸੰਜ਼, ਮਿਤੀ ਰਹਿਤ; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, ਰੀਜੈਂਸੀ ਰੈਫ਼ਰੈਂਸ ਲਾਇਬ੍ਰੇਰੀ, 1975), 436. [10]ਜ਼ੋਡਿਏਟਸ, 911.

[11]ਵੁਏਸਟ, 54. [12]ਬੁਲਿੰਗਰ, 498, 593, 900. [13]ਜ਼ੋਡਿਏਟਸ, 912. [14]ਬੁਲਿੰਗਰ, 422. [15]ਵੁਏਸਟ, 56. [16]ਉਹੀ। [17]ਸੈਲਮੰਡ, 279–80. [18]ਜ਼ੋਡਿਏਟਸ, 910. [19]ਸੀ. ਜੀ. ਵਿਲਕੇ ਐਂਡ ਵਿਲਿਬਲਡ ਗ੍ਰਿਮ, *ਏ ਗ੍ਰੀਕ ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ* , ਅਨੁ. ਅਤੇ ਸੋਧ ਜੋਜ਼ਫ਼ ਹੈਨਰੀ ਥਿਅਰ (ਐਡਿਨਬਰਗ: ਟੀ. ਐਂਡ ਟੀ. ਕਲਾਰਕ, 1901; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1977), 345; ਵਾਲਟਰ ਬਾਊਰ, *ਏ ਗ੍ਰੀਕ ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਜਿਲਦ 3ਜੀ, ਸੋਧ ਅਤੇ ਸੰਪਾ. ਫ਼੍ਰੈਡਰਿਕ ਵਿਲੀਅਮ ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 541–42 ਵੀ ਵੇਖੋ। [20]ਬੁਲਿੰਗਰ, 312.